Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 98 | Thursday, May 19, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਵੋਟਾਂ ਹਾਸਲ ਕਰਨ ਲਈ ਕੋਨੇ ਕੋਨੇ ਤੱਕ ਪਹੁੰਚਣਾ ਚਾਹੁੰਦੇ ਹਨ ਪਾਰਟੀ ਆਗੂ



ਓਨਟਾਰੀਓ, 18 ਮਈ (ਪੋਸਟ ਬਿਊਰੋ) : ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਚੋਣ ਕੈਂਪੇਨਜ਼ ਨੂੰ ਸ਼ੁਰੂ ਹੋਇਆਂ ਅੱਧਾ ਸਮਾਂ ਬੀਤ ਚੁੱਕਿਆ ਹੈ। ਓਨਟਾਰੀਓ ਦੀਆਂ ਮੁੱਖ ਸਿਆਸੀ ਪਾਰਟੀਆਂ ਦੇ ਆਗੂ ਵੋਟਾਂ ਦੀ ਭਾਲ ਵਿੱਚ ਕੋਈ ਕੋਨਾਂ ਲੁਕਿਆ ਨਹੀਂ ਰਹਿਣ ਦੇਣਾ ਚਾਹੁੰਦੇ।

ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਡੱਗ ਫੋਰਡ ਅੱਜ ਹੈਮਿਲਟਨ ਵਿੱਚ ਐਲਾਨ ਕਰਨਗੇ। ਐਨਡੀਪੀ ਆਗੂ ਐਂਡਰੀਆ ਹੌਰਵਥ ਸਮਿੱਥ ਫਾਲਜ਼, ਓਨਟਾਰੀਓ ਤੇ ਓਟਵਾ ਵਿੱਚ ਰੁਕਣ ਤੋਂ ਪਹਿਲਾਂ ਆਪਣੇ ਫਾਰਮਾਕੇਅਰ ਪਲੈਨ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਕਿੰਗਸਟਨ, ਓਨਟਾਰੀਓ ਵਿੱਚ ਰੁਕੇਗੀ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਬਰਲਿੰਗਟਨ, ਓਨਟਾਰੀਓ ਤੇ ਲੰਡਨ, ਓਨਟਾਰੀਓ ਵਿੱਚ ਕੈਂਪੇਨਿੰਗ ਲਈ ਜਾਣ ਤੋਂ ਪਹਿਲਾਂ ਟੋਰਾਂਟੋ ਵਿੱਚ ਅਫੋਰਡੇਬਿਲਿਟੀ ਦੇ ਸਬੰਧ ਵਿੱਚ ਐਲਾਨ ਕਰਨਗੇ। ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਪੈਰੀ ਸਾਊਂਡ-ਮਸਕੋਕਾ ਵਿੱਚ ਕੈਂਪੇਨ ਕਰਨ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਪਾਰਟੀ ਇਸ ਸੀਟ ਨੂੰ ਜਿੱਤ ਸਕਦੀ ਹੈ। ਇਸ ਤੋਂ ਬਾਅਦ ਉਹ ਐਲੋਰਾ, ਓਨਟਾਰੀਓ ਰਵਾਨਾ ਹੋਣਗੇ।

## ਬਰੈਂਪਟਨ ਤੋਂ ਪੀਸੀ ਪਾਰਟੀ ਦੇ ਪੰਜ ਉਮੀਦਵਾਰਾਂ ਲਈ ਮੀਟ ਐਂਡ ਗ੍ਰੀਟ ਈਵੈਂਟ ਦਾ ਕੀਤਾ ਗਿਆ ਆਯੋਜਨ



ਓਨਟਾਰੀਓ, 18 ਮਈ (ਪੋਸਟ ਬਿਊਰੋ) : ਓਨਟਾਰੀਓ ਦੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਬਰੈਂਪਟਨ ਦੇ ਪੰਜ ਹਲਕਿਆਂ ਤੋਂ ਚੋਣ ਲੜ ਰਹੇ ਓਨਟਾਰੀਓ ਦੀ ਪੀਸੀ ਪਾਰਟੀ ਦੇ ਪੰਜੇ ਉਮੀਦਵਾਰਾਂ-ਬਰੈਂਪਟਨ ਈਸਟ ਤੋਂ ਹਰਦੀਪ ਗਰੇਵਾਲ, ਬਰੈਂਪਟਨ ਸੈਂਟਰ ਤੋਂ ਚਾਰਾਮੀਨ ਵਿਲੀਅਮਜ਼, ਬਰੈਂਪਟਨ ਨੌਰਥ ਤੋਂ ਗ੍ਰਾਹਮ ਮੈਕਗ੍ਰੈਗਰ, ਬਰੈਂਪਟਨ ਵੈਸਟ ਤੋਂ ਅਮਰਜੋਤ ਸੰਧੂ ਤੇ ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਰਕਾਰੀਆ ਲਈ ਮੀਟ ਐਂਡ ਗ੍ਰੀਟ ਈਵੈਂਟ ਦਾ ਆਯੋਜਨ ਕੀਤਾ ਗਿਆ। ਜਿਸ ਦੀ ਮੇਜ਼ਬਾਨੀ ਨਵਲ ਬਜਾਜ ਵੱਲੋਂ ਕੀਤੀ ਗਈ।

ਇਸ ਮੀਟ ਐਂਡ ਗ੍ਰੀਟ ਈਵੈਂਟ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਸਮਰਥਕਾਂ ਦੇ ਨਾਲ ਨਾਲ ਅਹਿਮ ਕਮਿਊਨਿਟੀ ਆਗੂਆਂ, ਕਈ ਬਿਜ਼ਨਸ ਆਰਗੇਨਾਈਜ਼ੇਸ਼ਨਜ਼,ਸੋਸ਼ਲ ਤੇ ਧਾਰਮਿਕ ਆਰਗੇਨਾਈਜ਼ੇਸ਼ਨਜ਼ ਦੇ ਮੁਖੀਆਂ ਦੇ ਨਾਲ ਨਾਲ ਮੀਡੀਆ ਮੈਂਬਰਾਂ ਨੇ ਹਿੱਸਾ ਲਿਆ। ਮੀਟ ਐਂਡ ਗ੍ਰੀਟ ਈਵੈਂਟ ਉੱਤੇ ਨਵਲ ਬਜਾਜ ਨੇ ਪੰਜੇ ਉਮੀਦਵਾਰਾਂ ਦੀ ਜਾਣ-ਪਛਾਣ ਕਰਵਾਈ ਤੇ ਦੱਸਿਆ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰੋਵਿੰਸ਼ੀਅਲ ਮੁੱਦਿਆਂ ਦੀ ਜ਼ਿਆਦਾ ਸਮਝ ਹੈ,ਉਨ੍ਹਾਂ ਆਖਿਆ ਕਿ ਇਹ ਸਾਰੇ ਹੀ ਪ੍ਰੋਵਿੰਸ਼ੀਅਲ ਮੁੱਦਿਆਂ ਲਈ ਆਵਾਜ਼ ਉਠਾਉਣ ਤੋਂ ਪਿੱਛੇ ਨਹੀਂ ਹਟਣਗੇ ਤੇ ਇਹ ਯਕੀਨੀ ਬਣਾਉਣਗੇ ਕਿ ਬਰੈਂਪਟਨ ਨੂੰ ਬਿਹਤਰ ਨੁਮਾਇੰਦਗੀ ਮਿਲੇ।

ਇਨ੍ਹਾਂ ਮੁੱਦਿਆਂ ਵਿੱਚ ਬਰੈਂਪਟਨ ਵਿੱਚ ਦੂਜਾ ਹਸਪਤਾਲ ਬਣਾਉਣਾ, ਯੂਨੀਵਰਸਿਟੀ, ਹਾਈਵੇਅ, ਅਫੋਰਡੇਬਲ ਹਾਊਸਿੰਗ, ਐਜੂਕੇਸ਼ਨਲ ਇੰਸਟੀਚਿਊਟਸ ਦਾ ਨਿਰਮਾਣ ਆਦਿ ਮੁੱਖ ਤੌਰ ਉੱਤੇ ਸ਼ਾਮਲ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਿੱਚ ਪੀਸੀ ਪਾਰਟੀ ਦੇ ਨੁਮਾਇੰਦਿਆਂ ਨੇ ਪਿਛਲੇ 4 ਸਾਲਾਂ ਵਿੱਚ ਕਿਸ ਤਰ੍ਹਾਂ ਨਿੱਠ ਕੇ ਕੰਮ ਕੀਤਾ। ਇਹ ਤਰੱਕੀ ਇਸੇ ਤਰ੍ਹਾਂ ਜਾਰੀ ਰਹੇ ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ।

ਬਰੈਂਪਟਨ ਸਾਊਥ ਤੋਂ ਪੀਸੀ ਪਾਰਟੀ ਦੇ ਉਮੀਦਵਾਰ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਪ੍ਰੀਮੀਅਰ ਫੋਰਡ ਦੀ ਅਗਵਾਈ ਵਿੱਚ ਕਿਸ ਤਰ੍ਹਾਂ ਉਹ ਬਰੈਂਪਟਨ ਲਈ ਦੂਜੇ ਹਸਪਤਾਲ, ਮੈਡੀਕਲ ਯੂਨੀਵਰਸਿਟੀ, ਹਾਈਵੇਅ 413 ਦਾ ਸੁਪਨਾ ਸਾਕਾਰ ਕਰਨ ਵਿੱਚ ਕਾਮਯਾਬ ਰਹੇ ਤੇ ਇਸ ਦੇ ਨਾਲ ਹੀ ਗੈਸ ਟੈਕਸ ਨੂੰ ਘਟਾਉਣ ਵਿੱਚ ਵੀ ਸਫਲ ਰਹੇ। ਇਸ ਈਵੈਂਟ ਉੱਤੇ ਹਰਦੀਪ ਗਰੇਵਾਲ, ਪ੍ਰਭਮੀਤ ਸਰਕਾਰੀਆ, ਚਾਰਾਮੀਨ ਵਿਲੀਅਮਜ਼, ਅਮਰਜੋਤ ਸੰਧੂ ਤੇ ਗ੍ਰਾਹਮ ਮੈਕਗ੍ਰੈਗਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਬਰੈਂਪਟਨ ਦੀ ਤਰੱਕੀ ਲਈ ਪੀਸੀ ਪਾਰਟੀ ਦੇ ਉਮੀਦਵਾਰਾਂ ਦੇ ਹੱਥ ਮਜ਼ਬੂਤ ਕਰਨ ਦਾ ਹੋਕਾ ਦਿੱਤਾ।

## ਸਕਾਰਾਤਮਕ ਲੀਡਰਸ਼ਿਪ ਰਵਿਊ ਦੇ ਬਾਵਜੂਦ ਜੇਸਨ ਕੇਨੀ ਨੇ ਦਿੱਤਾ ਅਸਤੀਫਾ



ਕੈਲਗਰੀ, 18 ਮਈ (ਪੋਸਟ ਬਿਊਰੋ) : ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਲੀਡਰਸ਼ਿਪ ਮੁਲਾਂਕਣ ਸਕਾਰਾਤਮਕ ਪਾਏ ਜਾਣ ਦੇ ਬਾਵਜੂਦ ਜੇਸਨ ਕੇਨੀ ਨੇ ਅਲਬਰਟਾ ਦੇ ਪ੍ਰੀਮੀਅਰ ਤੇ ਆਪਣੀ ਪਾਰਟੀ ਦੇ ਲੀਡਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਕੈਲਗਰੀ ਵਿੱਚ ਸਪਰੂਸ ਮੀਡੋਅਜ਼ ਵਿੱਚ ਇੱਕਠੀ ਹੋਈ ਭੀੜ ਨੂੰ ਸੰਬੋਧਨ ਕਰਦਿਆਂ ਜੇਸਨ ਕੇਨੀ ਨੇ ਆਖਿਆ ਕਿ ਭਾਵੇਂ ਬਹੁਮਤ ਲਈ 51 ਫੀ ਸਦੀ ਸਮਰਥਨ ਕਾਫੀ ਹੈ ਪਰ ਲੀਡਰ ਵਜੋਂ ਆਪਣੀ ਪਾਰੀ ਨੂੰ ਜਾਰੀ ਰੱਖਣਾ ਉਨ੍ਹਾਂ ਲਈ ਸਹੀ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਆਪਣੇ ਇਸ ਫੈਸਲੇ ਲਈ ਉਹ ਮੁਆਫੀ ਮੰਗਦੇ ਹਨ ਪਰ ਉਹ ਸੱਚਮੁੱਚ ਇਹ ਮੰਨਦੇ ਹਨ ਕਿ ਸਾਨੂੰ ਇੱਕਜੁੱਟ ਹੋ ਕੇ ਅੱਗੇ ਵਧਣਾ ਚਾਹੀਦਾ ਹੈ। ਸਾਨੂੰ ਅਤੀਤ ਨੂੰ ਪਿੱਛੇ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਵੱਡੀ ਗਿਣਤੀ ਵਿੱਚ ਸਾਡੇ ਮੈਂਬਰਾਂ ਨੇ ਲੀਡਰਸ਼ਿਪ ਚੋਣ ਕਰਵਾਉਣ ਦੀ ਮੰਗ ਕੀਤੀ ਹੈ।

ਪਾਰਟੀ ਵੱਲੋਂ ਵਰਚੂਅਲ ਤੌਰ ਉੱਤੇ ਇਹ ਨਤੀਜਾ ਸ਼ਾਮੀਂ 6:30 ਵਜੇ ਐਲਾਨਿਆ ਗਿਆ ਤੇ ਉਸ ਤੋਂ ਤੁਰੰਤ ਬਾਅਦ ਹੀ ਕੇਨੀ ਨੇ ਇੱਕਠ ਨੂੰ ਸੰਬੋਧਨ ਕੀਤਾ। ਸਟੇਜ ਛੱਡਣ ਤੋਂ ਪਹਿਲਾਂ ਕੇਨੀ ਨੇ ਆਪਣੀ ਪਾਰਟੀ ਨੂੰ ਬਜਟ ਸੰਤੁਲਿਤ ਕਰਨ ਉੱਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਇਹ ਵੀ ਆਖਿਆ ਕਿ ਪ੍ਰੀਮੀਅਰ ਵਜੋਂ ਉਨ੍ਹਾਂ ਜਿਹੜੇ ਵਾਅਦੇ ਕੀਤੇ ਸਨ ਉਨ੍ਹਾਂ ਵਿੱਚੋਂ 90 ਫੀ ਸਦੀ ਨੂੰ ਪੂਰਾ ਕੀਤਾ।

ਮਿਊਂਸਪਲ ਮਾਮਲਿਆਂ ਬਾਰੇ ਮੰਤਰੀ ਰਿਕ ਮੈਕਾਈਵਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਯੂਸੀਪੀ ਵੱਲੋਂ ਵੀਰਵਾਰ ਨੂੰ ਕਾਕਸ ਮੀਟਿੰਗ ਕੀਤੀ ਜਾਵੇਗੀ ਤੇ ਪਾਰਟੀ ਦੀਆਂ ਭਵਿੱਖ ਦੀਆਂ ਗਤੀਵਿਧੀਆਂ ਬਾਰੇ ਵੀ ਚਾਨਣਾ ਪਾਇਆ ਜਾਵੇਗਾ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

SAMSUNG
BUY 2 OR MORE APPLIANCES
OURR HOME & APPLIANCES
EXCLUSIVE
NO TAX
EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Rc certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫੀਆ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER

chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਫਿਨਲੈਂਡ ਤੇ ਸਵੀਡਨ ਨੇ ਰਸਮੀ ਤੌਰ ਉੱਤੇ ਨਾਟੋ ਦੀ ਮੈਂਬਰਸ਼ਿਪ ਲਈ ਕੀਤਾ ਅਪਲਾਈ

ਬਰੱਸਲਜ਼, 18 ਮਈ (ਪੋਸਟ ਬਿਊਰੋ) : ਨਾਟੋ ਦੇ ਸਕੱਤਰ ਜਨਰਲ ਜੈਨਜ਼ ਸਟੋਲਨਬਰਗ ਨੇ ਬੁੱਧਵਾਰ ਨੂੰ ਆਖਿਆ ਕਿ ਇਹ ਫੌਜੀ ਗੱਠਜੋੜ ਜਲਦ ਹੀ ਫਿਨਲੈਂਡ ਤੇ ਸਵੀਡਨ ਨੂੰ ਵੀ ਆਪਣੇ ਵਿੱਚ ਸ਼ਾਮਲ ਕਰਨ ਜਾ ਰਿਹਾ ਹੈ।ਇਸ ਤੋਂ ਪਹਿਲਾਂ ਇਨ੍ਹਾਂ ਦੋਵਾਂ ਮੁਲਕਾਂ ਵੱਲੋਂ ਮੈਂਬਰਸ਼ਿਪ ਸਬੰਧੀ ਬੇਨਤੀ ਕੀਤੀ ਗਈ ਸੀ।



ਫਿਨਲੈਂਡ ਤੇ ਸਵੀਡਨ ਦੇ ਅੰਬੈਸਡਰਜ਼ ਵੱਲੋਂ ਨਾਟੋ ਨੂੰ ਇਸ ਸਬੰਧ ਵਿੱਚ ਰਸਮੀ ਤੌਰ ਉੱਤੇ ਸੌਂਪੀਆਂ ਗਈਆਂ ਅਰਜ਼ੀਆਂ ਤੋਂ ਬਾਅਦ ਦੋਵਾਂ ਮੁਲਕਾਂ ਦੀ ਨਾਟੋ ਵਿੱਚ ਮੈਂਬਰੀ ਲਈ ਰਾਹ ਪੱਧਰਾ ਹੋ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਯੂਕਰੇਨ ਉੱਤੇ ਚੜ੍ਹਾਈ ਕਰਨ ਵਾਲੇ ਰੂਸ ਨੇ ਦੋਵਾਂ ਦੇਸ਼ਾਂ ਨੂੰ ਧਮਕਾਇਆ ਸੀ ਕਿ ਜੇ ਇਸ ਤਰ੍ਹਾਂ ਦਾ ਕੋਈ ਕਦਮ ਚੁੱਕਿਆ ਜਾਂਦਾ ਹੈ ਤਾਂ ਉਹ ਸਖ਼ਤ ਪ੍ਰਤੀਕਿਰਿਆ ਪ੍ਰਗਟਾਵੇਗਾ।

ਸਟੋਲਨਬਰਗ ਨੇ ਆਖਿਆ ਕਿ ਉਹ ਦੋਵਾਂ ਦੇਸ਼ਾਂ ਵੱਲੋਂ ਕੀਤੀ ਗਈ ਇਸ ਤਰ੍ਹਾਂ ਦੀ ਬੇਨਤੀ ਦਾ ਸਵਾਗਤ ਕਰਦੇ ਹਨ ਕਿਉਂਕਿ ਦੋਵੇਂ ਹੀ ਦੇਸ਼ ਸਾਡੇ ਨੇੜਲੇ ਭਾਈਵਾਲ ਹਨ। ਉਨ੍ਹਾਂ ਆਖਿਆ ਕਿ ਸਾਰੇ ਭਾਈਵਾਲ ਨਾਟੋ ਦੇ ਹੋਰ ਪਸਾਰ ਦੀ ਅਹਿਮੀਅਤ ਨਾਲ ਸਹਿਮਤ ਹਨ। ਅਸੀਂ ਸਹਿਮਤ ਹਾਂ ਕਿ ਸਾਨੂੰ ਇੱਕਜੁੱਟ ਹੋ ਕੇ ਰਹਿਣਾ ਚਾਹੀਦਾ ਹੈ ਤੇ ਦੋਵਾਂ ਦੇਸ਼ਾਂ ਨੂੰ ਦਿੱਤੀ ਜਾਣ ਵਾਲੀ ਮੈਂਬਰੀ ਇਤਿਹਾਸਕ ਫੈਸਲਾ ਹੋਵੇਗਾ।

ਸਟੋਲਨਬਰਗ ਨੇ ਆਖਿਆ ਕਿ ਇਹ ਪਲ ਸਾਡੀ ਸਕਿਊਰਿਟੀ ਲਈ ਬਹੁਤ ਵੱਡਾ ਦਿਨ ਹੈ। ਉਨ੍ਹਾਂ ਦੇ ਨਾਲ ਫਿਨਲੈਂਡ ਤੇ ਸਵੀਡਨ ਦੇ ਅੰਬੈਸਡਰਜ਼ ਮੌਜੂਦ ਸਨ ਤੇ ਦੋਵਾਂ ਦੇਸ਼ਾਂ ਦੇ ਝੰਡੇ ਵੀ ਉਨ੍ਹਾਂ ਦੇ ਪਿੱਛੇ ਨਜ਼ਰ ਆ ਰਹੇ ਸਨ। ਇੱਥੇ ਦੱਸਣਾ ਬਣਦਾ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਮੰਗ ਕੀਤੀ ਹੈ ਕਿ ਨਾਟੋ ਭਾਈਵਾਲ ਰੂਸੀ ਸਰਹੱਦ ਵੱਲ ਵਧਣਾ ਬੰਦ ਕਰਨ। ਪਰ ਅਮਰੀਕਾ ਤੇ ਬ੍ਰਿਟੇਨ ਦੀ ਅਗਵਾਈ ਵਿੱਚ ਨਾਟੋ ਭਾਈਵਾਲਾਂ ਨੇ ਇਹ ਸੰਕੇਤ ਦਿੱਤਾ ਹੈ ਕਿ ਜੇ ਦੋਵਾਂ ਦੇਸ਼ਾਂ ਦੇ ਪੂਰੇ ਮੈਂਬਰ ਬਣਨ ਦਰਮਿਆਨ ਰੂਸ ਵੱਲੋਂ ਕਿਸੇ ਕਿਸਮ ਦਾ ਹਮਲਾ ਕੀਤਾ ਜਾਂਦਾ ਹੈ ਤਾਂ ਉਹ ਦੋਵਾਂ ਦੇਸ਼ਾਂ ਨੂੰ ਸਕਿਊਰਿਟੀ ਮਦਦ ਦੇਣ ਲਈ ਤਿਆਰ ਹਨ।

# ਮਹਿਲਾ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਮਸ਼ਕੂਕਾਂ ਵਿੱਚੋਂ ਇੱਕ ਨੂੰ ਰਾਹਗੀਰਾਂ ਨੇ ਕੀਤਾ ਕਾਬੂ

ਟੋਰਾਂਟੋ, 18 ਮਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਵਾਲਮਾਰਟ ਨੇੜੇ ਰੈਕਸਡੇਲ ਵਿੱਚ ਇੱਕ ਮਹਿਲਾ ਨੂੰ ਲੁੱਟਣ ਵਾਲੇ ਤਿੰਨ ਮਸ਼ਕੂਕਾਂ ਵਿੱਚੋਂ ਟੋਰਾਂਟੋ ਪੁਲਿਸ ਦੋ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਸ਼ਾਮੀਂ 6:00 ਵਜੇ ਤੋਂ ਪਹਿਲਾਂ ਇਸਲਿੰਗਟਨ ਐਵਨਿਊ ਤੇ ਬਰਗਾਮੋਟ ਐਵਨਿਊ ਏਰੀਆ ਵਿੱਚ ਬਿੱਗ ਬਾਕਸ ਸਟੋਰ ਦੇ ਪਾਰਕਿੰਗ ਲੌਟ ਵਿੱਚ ਤਿੰਨ ਵਿਅਕਤੀਆਂ ਵੱਲੋਂ ਇੱਕ ਮਹਿਲਾ ਨੂੰ ਘੇਰਾ ਪਾ ਕੇ ਉਸ ਦਾ ਪਰਸ ਖੋਹ ਲਿਆ ਗਿਆ ਤੇ ਉਸ ਤੋਂ ਗੱਡੀ ਦੀਆਂ ਚਾਬੀਆਂ ਵੀ ਮੰਗੀਆਂ ਗਈਆਂ। ਉਸ ਦੀਆਂ ਚੀਕਾਂ ਸੁਣ ਕੇ ਰਾਹਗੀਰ ਉਸ ਦੀ ਮਦਦ ਲਈ ਪਹੁੰਚੇ।




ਇਸ ਮਹਿਲਾ ਦੀ ਮਦਦ ਕਰਨ ਵਾਲੇ ਇੱਕ ਵਿਅਕਤੀ ਨੇ ਤਿੰਨਾਂ ਵਿੱਚੋਂ ਇੱਕ ਨੂੰ ਕਾਬੂ ਕਰ ਲਿਆ ਤੇ ਦੋ ਹੋਰ ਭੱਜਣ ਵਿੱਚ ਕਾਮਯਾਬ ਹੋ ਗਏ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਦੋਵੇਂ ਮਸ਼ਕੂਕ ਪੈਦਲ ਹੀ ਫਰਾਰ ਹੋਏ ਜਾਂ ਗੱਡੀ ਵਿੱਚ ਭੱਜੇ।ਇਸ ਦੌਰਾਨ ਮਹਿਲਾ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਜਿਹੜੇ ਦੋ ਮਸ਼ਕੂਕ ਭੱਜ ਗਏ ਉਨ੍ਹਾਂ ਵਿੱਚੋਂ ਇੱਕ ਦੀ ਗੰਨ ਉੱਥੇ ਹੀ ਡਿੱਗ ਗਈ ਤੇ ਹੁਣ ਪੁਲਿਸ ਕੋਲ ਉਹ ਗੰਨ ਹੈ।

ਪੁਲਿਸ ਮਸ਼ਕੂਕਾਂ ਦੀ ਭਾਲ ਵਿੱਚ ਅਜੇ ਵੀ ਇਲਾਕੇ ਵਿੱਚ ਘੁੰਮ ਰਹੀ ਹੈ। ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਫਾਸਟ ਨਹੀਂ ਹੋਣਗੇ ਕੰਜ਼ਰਵੇਟਿਵ ਫਾਇਨਾਂਸ ਕ੍ਰਿਟਿਕ

ਓਟਵਾ, 18 ਮਈ (ਪੋਸਟ ਬਿਊਰੋ) : ਅੰਤਰਿਮ ਪਾਰਟੀ ਆਗੂ ਕੈਂਡਿਸ ਬਰਜਨ ਨੇ ਦੱਸਿਆ ਕਿ ਐਡ ਫਾਸਟ ਹੁਣ ਕੰਜ਼ਰਵੇਟਿਵ ਫਾਇਨਾਂਸ ਕ੍ਰਿਟਿਕ ਨਹੀਂ ਹੋਣਗੇ।

ਬੁੱਧਵਾਰ ਸ਼ਾਮ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਬਰਜਨ ਨੇ ਆਖਿਆ ਕਿ ਫਾਸਟ ਨੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਉਹ ਫਾਇਨਾਂਸ ਕ੍ਰਿਟਿਕ ਵਜੋਂ ਆਪਣੀਆਂ ਸੇਵਾਵਾਂ ਨਹੀਂ ਦੇ ਸਕਣਗੇ। ਫਾਸਟ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਦੀ ਲੀਡਰਸ਼ਿਪ ਕੈਂਪੇਨ ਨੂੰ ਕੋ-ਚੇਅਰ ਕਰ ਰਹੇ ਹਨ। ਬੁੱਧਵਾਰ ਨੂੰ ਇਨ੍ਹਾਂ ਦੋਵਾਂ ਆਗੂਆਂ ਨੇ ਚਾਰੈਸਟ ਦੇ ਲੀਡਰਸ਼ਿਪ ਵਿਰੋਧੀ ਪਿਏਰ ਪੌਲੀਏਵਰ ਨੂੰ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਕੱਢਣ ਦੀ ਗੱਲ ਉੱਤੇ ਘੇਰਿਆ।



ਫਾਸਟ ਨੇ ਆਖਿਆ ਕਿ ਦੇਸ਼ ਵਿੱਚ ਮਹਿੰਗਾਈ ਦਰ ਵਧਣ ਕਾਰਨ ਪੌਲੀਏਵਰ ਵੱਲੋਂ ਟਿਫ ਮੈਕਲੈਮ ਨੂੰ ਨੌਕਰੀ ਤੋਂ ਕੱਢਣ ਦੀ ਗੱਲ ਕੀਤੀ ਗਈ ਹੈ ਜਿਸ ਨਾਲ ਪਾਰਟੀ ਦੀ ਆਰਥਿਕ ਮਾਮਲਿਆਂ ਵਿੱਚ ਭਰੋਸੇਯੋਗਤਾ ਨੂੰ ਢਾਹ ਲੱਗੀ ਹੈ। ਪਾਰਟੀ ਕਾਕਸ ਦੀ ਮੀਟਿੰਗ ਤੋਂ ਪਹਿਲਾਂ ਫਾਸਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਡੇ ਇੱਕ ਉਮੀਦਵਾਰ ਦੇ ਸੈਂਟਰਲ ਬੈਂਕ ਦੀ ਆਜ਼ਾਦੀ ਵਿੱਚ ਦਖਲ ਦੇਣ ਦੀ ਗੱਲ ਕੀਤੇ ਜਾਣ ਤੋਂ ਉਹ ਪਰੇਸ਼ਾਨ ਹਨ।

ਫਾਸਟ ਨੂੰ ਕੈਂਡਿਸ ਬਰਜਨ ਵੱਲੋਂ ਉਸ ਸਮੇਂ ਪਾਰਟੀ ਦਾ ਫਾਇਨਾਂਸ ਕ੍ਰਿਟਿਕ ਨਿਯੁਕਤ ਕੀਤਾ ਗਿਆ ਸੀ ਜਦੋਂ ਸਾਬਕਾ ਕ੍ਰਿਟਿਕ ਪਿਏਰ ਪੌਲੀਏਵਰ ਨੇ ਚੋਣਾਂ ਵਿੱਚ ਖੜ੍ਹੇ ਹੋਣ ਦਾ ਫੈਸਲਾ ਕੀਤਾ ਸੀ। ਬਰਜਨ ਵੱਲੋਂ ਜਲਦ ਹੀ ਨਵੇਂ ਫਾਇਨਾਂਸ ਕ੍ਰਿਟਿਕ ਦਾ ਐਲਾਨ ਕੀਤਾ ਜਾਵੇਗਾ ਤੇ ਉਨ੍ਹਾਂ ਇਹ ਵੀ ਆਖਿਆ ਕਿ ਫਾਸਟ ਅਜੇ ਵੀ ਕਾਕਸ ਦੇ ਅਹਿਮ ਮੈਂਬਰ ਹਨ।

# ਪ੍ਰਿੰਸ ਚਾਰਲਸ ਤੇ ਕੈਮਿਲਾ ਨੇ ਯੂਕਰੇਨੀ ਚਰਚ ਦਾ ਕੀਤਾ ਦੌਰਾ

ਓਟਵਾ, 18 ਮਈ (ਪੋਸਟ ਬਿਊਰੋ) : ਪ੍ਰਿੰਸ ਚਾਰਲਸ ਤੇ ਕੈਮਿਲਾ, ਡੱਚੈਸ ਆਫ ਕੌਰਨਵਾਲ, ਨੇ ਬੁੱਧਵਾਰ ਨੂੰ ਓਟਵਾ ਦੇ ਯੂਕਰੇਨੀਅਨ ਆਰਥੋਡੌਕਸ ਕੈਥੇਡਰਲ ਵਿੱਚ ਮੋਮਬੱਤੀਆਂ ਬਾਲੀਆਂ ਤੇ ਪ੍ਰੇਅਰ ਸਰਵਿਸ ਵਿੱਚ ਹਿੱਸਾ ਲਿਆ। ਇਸ ਦੌਰਾਨ ਲੋਕਾਂ ਵੱਲੋਂ ਨੀਲੇ ਤੇ ਪੀਲੇ ਰੰਗ ਦੇ ਨਾਲ ਨਾਲ ਯੂਨੀਅਨ ਜੈਕ ਦੇ ਝੰਡੇ ਫਹਿਰਾਏ ਗਏ।



ਕੈਨੇਡਾ ਦੇ ਆਪਣੇ ਪਲੈਟੀਨਮ ਜੁਬਲੀ ਦੌਰੇ ਦੇ ਦੂਜੇ ਦਿਨ ਇਸ ਸ਼ਾਹੀ ਜੋੜੇ ਵੱਲੋਂ ਜੰਗ ਨਾਲ ਝੰਬੇ ਦੇਸ਼ ਦੇ ਸਮਰਥਨ ਵਿੱਚ ਚਰਚ ਦਾ ਦੌਰਾ ਕੀਤਾ ਗਿਆ। ਪਾਦਰੀ ਨੇ ਇਸ ਜੋੜੇ ਨੂੰ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਲਣ ਵਾਲੇ ਸਮਰਥਨ ਲਈ ਕਮਿਊਨਿਟੀ ਧੰਨਵਾਦੀ ਹੈ। ਪ੍ਰਿੰਸ ਤੇ ਕੈਮਿਲਾ ਮੰਗਲਵਾਰ ਨੂੰ ਕੈਨੇਡਾ ਪਹੁੰਚ ਗਏ ਸਨ, ਉਨ੍ਹਾਂ ਪੂਰਾ ਦਿਨ ਨਿਊਫਾਊਂਡਲੈਂਡ ਤੇ ਲੈਬਰਾਡੋਰ ਵਿੱਚ ਬਿਤਾਇਆ। ਉਨ੍ਹਾਂ ਵੱਲੋਂ ਬੁੱਧਵਾਰ ਨੂੰ ਨੈਸ਼ਨਲ ਵਾਰ ਮੈਮੋਰੀਅਲ ਤੇ ਬਾਇਵਰਡ ਮਾਰਕਿਟ ਦਾ ਦੌਰਾ ਵੀ ਕੀਤਾ ਗਿਆ।

ਫਾਦਰ ਇਹਰ ਕੁਤਾਸ਼ ਨੇ ਆਖਿਆ ਕਿ ਤੁਹਾਡਾ ਦੇਸ਼ ਸੱਚਮੁੱਚ ਯੂਕਰੇਨ ਦਾ ਦੋਸਤ ਹੈ। ਤੁਸੀਂ ਨਾ ਸਿਰਫ ਮਦਦ ਦਾ ਹੀ ਹੱਥ ਵਧਾਇਆ ਹੈ ਸਗੋਂ ਉੱਥੇ ਰਹਿਣ ਵਾਲੇ ਨਾਗਰਿਕਾਂ ਦੀ ਵੀ ਸਾਰ ਲਈ ਹੈ। ਜ਼ਿਕਰਯੋਗ ਹੈ ਕਿ ਸ਼ਾਹੀ ਜੋੜੇ ਨੂੰ ਵੇਖਣ ਤੇ ਮਿਲਣ ਦਾ ਲੋਕਾਂ ਨੂੰ ਕਾਫੀ ਚਾਅ ਸੀ।

ਇਸ ਤੋਂ ਬਾਅਦ ਐਸੰਪਸ਼ਨ ਐਲੀਮੈਂਟਰੀ ਸਕੂਲ ਵਿੱਚ ਕੈਮਿਲਾ ਨੇ ਗ੍ਰੇਡ ਵੰਨ ਤੇ ਟੂ ਕਲਾਸ ਦਾ ਮੁਆਇਨਾ ਕੀਤਾ ਤੇ ਫਰੈਂਚ ਇਮਰਸ਼ਨ ਕਲਾਸ ਦੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ। ਫਿਰ ਇਹ ਜੋੜਾ ਨੈਸ਼ਨਲ ਵਾਰ ਮੈਮੋਰੀਅਲ ਗਿਆ ਜਿੱਥੇ ਇੱਕ ਮਿੰਟ ਦਾ ਮੌਨ ਧਾਰਨ ਤੋਂ ਬਾਅਦ ਉਨ੍ਹਾਂ ਅਣਪਛਾਤੇ ਸੈਨਿਕਾਂ ਦੇ ਮਕਬਰੇ ਉੱਤੇ ਫੁੱਲ ਅਰਪਣ ਕਰਕੇ ਸ਼ਰਧਾਂਜਲੀ ਭੇਟ ਕੀਤੀ। ਫਿਰ ਸ਼ਾਹੀ ਜੋੜੇ ਨੇ ਲੋਕਾਂ ਨਾਲ ਮੁਲਾਕਾਤ ਕੀਤੀ।

# ਹਾਰਦਿਕ ਪਟੇਲ ਦਾ ਕਾਂਗਰਸ ਪਾਰਟੀ ਤੋਂ ਅਸਤੀਫਾ

ਨਵੀਂ ਦਿੱਲੀ, 18 ਮਈ, (ਪੋਸਟ ਬਿਊਰੋ)- ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਫਿਰ ਵੱਡਾ ਝਟਕਾ ਲੱਗ ਗਿਆ ਹੈ। ਬਹੁ-ਚਰਚਿਤ ਨੌਜਵਾਨ ਨੇਤਾ ਹਾਰਦਿਕ ਪਟੇਲ ਨੇ ਕਾਂਗਰਸ ਪਾਰਟੀ ਛੱਡ ਦਿੱਤੀ ਹੈ।



ਇਸ ਬਾਰੇ ਹਾਰਦਿਕ ਪਟੇਲ ਨੇ ਟਵੀਟ ਕੀਤਾ ਕਿ 'ਅੱਜ ਮੈਂ ਦਲੇਰੀ ਨਾਲ ਕਾਂਗਰਸ ਪਾਰਟੀ ਦੇ ਅਹੁਦੇ ਤੇ ਮੁੱਢਲੀ ਮੈਂਬਰੀ ਤੋਂ ਅਸਤੀਫਾ ਦੇ ਰਿਹਾ ਹਾਂ। ਮੈਨੂੰ ਯਕੀਨ ਹੈ ਕਿ ਮੇਰੇ ਫੈਸਲੇ ਦਾ ਮੇਰੇ ਸਾਰੇ ਸਾਥੀ ਤੇ ਗੁਜਰਾਤੀ ਲੋਕ ਸਵਾਗਤ ਕਰਨਗੇ। ਮੈਨੂੰ ਵਿਸ਼ਵਾਸ ਹੈ ਕਿ ਇਸ ਕਦਮ ਨਾਲ ਮੈਂ ਭਵਿੱਖ ਵਿੱਚ ਗੁਜਰਾਤ ਲਈ ਸੱਚਮੁੱਚ ਸਕਾਰਾਤਮਕ ਕੰਮ ਕਰ ਸਕਾਂਗਾ।'ਪਾਟੀਦਾਰ ਨੇਤਾ ਹਾਰਦਿਕ ਪਟੇਲ ਪਿਛਲੇ ਕੁਝ ਸਮੇਂ ਤੋਂ ਨਾਰਾਜ਼ ਸਨ। ਉਨ੍ਹਾਂ ਕਾਂਗਰਸ ਦੇ ਸੂਬਾਈਆਗੂਆਂ ਨਾਲ ਖੁੱਲ੍ਹ ਕੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਇਸ ਬਾਰੇ ਕਾਂਗਰਸ ਹਾਈਕਮਾਂਡ ਨੂੰ ਵੀ ਦੱਸਿਆ, ਪਰ ਇਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਹਾਰਦਿਕ ਨੇ ਆਪਣੇ ਟਵਿੱਟਰ ਹੈਂਡਲ ਤੋਂ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਜਦੋਂ ਹਟਾ ਦਿੱਤਾ ਸੀਤਾਂ ਅਟਕਲਾਂ ਚੱਲ ਪਈਆਂ ਸਨ ਕਿ ਉਹ ਕਾਂਗਰਸ ਛੱਡ ਦੇਣਗੇ।

ਕਾਂਗਰਸ ਤੋਂ ਅਸਤੀਫਾ ਦੇਣ ਪਿੱਛੋਂ ਹਾਰਦਿਕ ਲਈ ਭਾਜਪਾ ਤੇ ਆਮ ਆਦਮੀ ਪਾਰਟੀ ਵਿੱਚ ਜਾਣ ਦਾਰਾਹ ਖੁੱਲ੍ਹਾ ਹੈ, ਪਰ ਗੁਜਰਾਤ ਭਾਜਪਾ ਨੇ ਹਾਰਦਿਕ ਬਾਰੇ ਕੋਈ ਉਤਸੁਕਤਾ ਨਹੀਂ ਦਿਖਾਈ, ਜਦਕਿ ਆਮ ਆਦਮੀ ਪਾਰਟੀ ਉਨ੍ਹਾਂ ਦੇ ਸਵਾਗਤ ਲਈ ਤਿਆਰ ਹੈ ਅਤੇ ਵਿਧਾਨ ਸਭਾ ਚੋਣਾਂ ਨੇੜੇ ਹਨ। ਸਾਲ ਦੇ ਅੰਤ ਵਿੱਚਅਸੈਂਬਲੀ ਚੋਣਾਂ ਹੋਣ ਤੋਂ ਪਹਿਲਾਂ ਹਾਰਦਿਕ ਪਟੇਲ ਦੇ ਅਸਤੀਫੇ ਨੂੰ ਕਾਂਗਰਸ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਪੈਂਟਾਗਨ ਨੇ ਕਿਹਾ: ਚੀਨ ਤੇ ਪਾਕਿਸਤਾਨ ਦੇ ਖਤਰੇ ਕਾਰਨ ਭਾਰਤ ਐੱਸ-400 ਤਾਇਨਾਤ ਕਰ ਸਕਦੈ

ਵਾਸ਼ਿੰਗਟਨ, 18 ਮਈ, (ਪੋਸਟ ਬਿਊਰੋ)- ਅਮਰੀਕੀ ਰੱਖਿਆ ਹੈੱਡਕੁਆਰਟਰ ਪੈਂਟਾਗਨ ਦੇ ਇੱਕ ਪ੍ਰਮੁੱਖ ਅਧਿਕਾਰੀ ਨੇ ਕਿਹਾ ਹੈ ਕਿ ਚੀਨ ਅਤੇ ਪਾਕਿਸਤਾਨ ਵੱਲੋਂ ਖ਼ਤਰੇ ਕਾਰਨ ਭਾਰਤ ਅਗਲੇ ਮਹੀਨੇ ਤਕ ਐੱਸ-400 ਮਿਜ਼ਾਈਲ ਸਿਸਟਮ ਤਾਇਨਾਤ ਕਰ ਸਕਦਾ ਹੈ ਤੇ ਭਾਰਤ ਜ਼ਮੀਨ ਦੇ ਨਾਲ-ਨਾਲ ਹਵਾਈ ਅਤੇ ਸਮੁੰਦਰੀ ਫੌਜ ਤੇ ਰਣਨੀਤਕ ਐਟਮੀ ਤਾਕਤ ਦੇ ਆਧੁਨਿਕੀਕਰਨ ਦੀ ਦਿਸ਼ਾ ਵਿੱਚ ਵੀ ਕਾਫੀ ਅੱਗੇ ਵਧ ਚੁੱਕਾ ਹੈ।


ਪਾਰਲੀਮੈਂਟ ਦੀ ਆਰਮਡ ਸਰਵਿਸ ਕਮੇਟੀ ਦੇ ਮੈਂਬਰਾਂ ਨੂੰ ਅਮਰੀਕੀ ਰੱਖਿਆ ਖ਼ੁਫ਼ੀਆ ਏਜੰਸੀ ਦੇ ਡਾਇਰੈਕਟਰ ਲੈਫਟੀਨੈਂਟ ਜਨਰਲ ਸਕਾਟ ਬੈਰੀਅਰ ਨੇ ਇਸ ਸੁਣਵਾਈ ਵੇਲੇ ਕਿਹਾ, 'ਭਾਰਤ ਨੂੰ ਰੂਸੀ-400 ਮਿਜ਼ਾਈਲ ਸਿਸਟਮ ਦੀ ਪਹਿਲੀ ਖੇਪ ਦਸੰਬਰ ਵਿੱਚ ਮਿਲੀ ਸੀ। ਪਿਛਲੇ ਸਾਲ ਅਕਤੂਬਰ ਤਕ ਭਾਰਤ ਦੀ ਫ਼ੌਜ ਆਪਣੀ ਜ਼ਮੀਨੀ ਅਤੇ ਸਮੁੰਦਰੀ ਸਰਹੱਦ ਦੀ ਰਾਖੀਅਤੇ ਸਾਈਬਰ ਸਮਰੱਥਾ ਨੂੰ ਵਧਾਉਣ ਲਈ ਉੱਨਤ ਨਿਗਰਾਨੀ ਸਿਸਟਮ ਦੀ ਖਰੀਦਦਾ ਵਿਚਾਰ ਕਰ ਰਹੀ ਸੀ।'ਬੈਰੀਅਰ ਨੇ ਦੱਸਿਆ, 'ਭਾਰਤ ਦੇਸ਼ੀ ਹਾਈਪਰਸੋਨਿਕ, ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਦੇ ਨਾਲ ਹਵਾਈ ਰੱਖਿਆ ਸਮਰੱਥਾ ਦਾ ਵਿਕਾਸ ਕਰ ਰਿਹਾ ਹੈ। ਉਹ ਸਾਲ 2021 ਤੋਂ ਲਗਾਤਾਰ ਟੈੱਸਟ ਕਰ ਰਿਹਾ ਹੈ। ਉਪ-ਗ੍ਰਹਿਆਂ ਦੀ ਗਿਣਤੀ ਦੇ ਨਾਲ ਭਾਰਤ ਪੁਲਾੜ ਵਿੱਚ ਪ੍ਰਭਾਵ ਵਧਾ ਰਿਹਾ ਹੈ। ਭਾਰਤ ਫ਼ੌਜੀ ਕਮਾਡਾਂ ਦਾ ਏਕੀਕਰਨ ਰਕਚੁੱਕਾ ਹੈ ਅਤੇ ਇਸ ਨਾਲ ਉਸਦੇ ਤਿੰਨ ਆਰਮਡ ਦਸਤਿਆਂ ਦੀ ਸਾਂਝੀ ਸਮਰੱਥਾ ਬਿਹਤਰ ਹੋਵੇਗੀ।'



ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2019 ਤੋਂਪਿੱਛੋਂ ਭਾਰਤ ਦੀ ਘਰੇਲੂਡਿਫੈਂਸ ਇੰਡਸਟਰੀ ਨੂੰ ਵਧਾਉਣਤੇ ਵਿਦੇਸ਼ੀ ਕੰਪਨੀਆਂ ਤੋਂ ਖ਼ਰੀਦ ਘੱਟ ਕਰਨ ਦੀ ਨੀਤੀ ਅਪਣਾ ਕੇ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਨੂੰ ਪਹਿਲਦਿੱਤੀ ਹੋਈ ਹੈ। ਅਮਰੀਕਾ ਦੇ ਫ਼ੌਜੀ ਅਧਿਕਾਰੀਮੁਤਾਬਕ 'ਭਾਰਤ ਦੇ ਰੂਸ ਨਾਲ ਫੌਜੀ ਸਬੰਧ ਹਨ। ਯੂਕਰੇਨ ਉੱਤੇ ਰੂਸੀ ਹਮਲੇ ਉੱਤੇ ਵੀ ਭਾਰਤ ਨੇ ਨਿਰਪੱਖਤਾ ਅਪਣਾਈ ਅਤੇ ਲਗਾਤਾਰ ਸ਼ਾਂਤੀ ਰੱਖਣ ਦੀ ਮੰਗ ਕੀਤੀ ਹੈ। ਭਾਰਤ ਇੰਡੋ ਪੈਸੇਫਿਕ ਖੇਤਰ ਵਿੱਚ ਸਥਿਰਤਾ ਯਕੀਨੀ ਕਰਨਅਤੇ ਖੁਸ਼ਹਾਲੀ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।' ਬੈਰੀਅਰ ਨੇ ਕਿਹਾ ਕਿ ਭਾਰਤ 2003 ਦੀ ਜੰਗਬੰਦੀ ਸਮਝੌਤੇ ਬਾਰੇ ਵਚਨ ਬੱਧ ਹੈ, ਪਰ ਅੱਤਵਾਦੀ ਖਤਰੇ ਨਾਲ ਨਿਪਟਣ ਲਈ ਦ੍ਰਿੜ੍ਹ ਹੈ। ਉਸਨੇ ਕਸ਼ਮੀਰ ਵਿੱਚ ਅੱਤਵਾਦ ਰੋਕੂ ਮੁਹਿੰਮ ਚਲਾਈ ਹੋਈ ਹੈ। ਪਾਕਿਸਤਾਨੀ ਅੱਤਵਾਦੀ ਜੇਕਰ ਭਾਰਤ ਵਿੱਚ ਵੱਡੀ ਵਾਰਦਾਤ ਕਰਦੇ ਹਨ ਤਾਂ ਭਾਰਤ ਵੱਡੀ ਫ਼ੌਜੀ ਕਾਰਵਾਈ ਵੀ ਕਰ ਸਕਦਾ ਹੈ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ


Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana


MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਬੈਠਕ ਹੋਈ, ਫਿਰ ਸਹਿਮਤੀ ਹੋਈ ਕਹਿੰਦੇ,
ਕਿਹਾ ਸਰਕਾਰ ਗਏ ਮੰਨ ਕਿਰਸਾਨ ਮੀਆਂ।
ਮੁਲਤਵੀ ਕੀਤਾ ਕਿਸਾਨਾਂ ਦਾਗਿਆ ਧਰਨਾ,
ਚੱਲ ਪਏਘਰੀਂ ਫਿਰ ਸਾਂਭ ਸਾਮਾਨ ਮੀਆਂ।
ਜਿਹੜੇ ਲਾਉਂਦੇ ਚੁਆਤੀ ਸਨ ਪਾਸਿਆਂ ਤੋਂ,
ਮੁੱਕ ਗਿਆ ਮਸਲਾ ਤਾਂ ਹੋਣ ਹੈਰਾਨ ਮੀਆਂ।
ਹੋਣਗੇ ਹੈਰਾਨ ਤਾਂ ਅਸਲ ਵਿੱਚ ਬਹੁਤ ਥੋੜ੍ਹੇ,
ਅੰਦਰ ਤੋਂ ਹੋਣਗੇ ਈ ਉਹ ਪਰੇਸ਼ਾਨ ਮੀਆਂ।
ਬੈਠੀਆਂ ਕਰਨ ਜਦ ਬੈਠਕ ਸੀ ਧਿਰਾਂ ਦੋਵੇਂ,
ਗੁੱਸਾ ਗੱਲਾਂ ਨਾਲ ਜਾਪਦਾ ਲਹਿ ਗਿਆ ਈ।
ਆਵਾਜਾਈ ਫਿਰ ਚੱਲ ਪਈ ਆਮ ਵਾਂਗਰ,
ਬਣਦਾ ਦਿੱਲੀ ਦਾ ਮੋਰਚਾ ਰਹਿ ਗਿਆ ਈ।

**ਤੀਸ ਮਾਰ ਖਾਂ**

# ਕਿਸਾਨ ਆਗੂਆਂ ਨਾਲ ਸਹਿਮਤੀ: ਝੋਨੇ ਦੀ ਲੁਆਈ ਲਈ ਬਦਲਵੇਂ ਟਾਈਮ ਟੇਬਲ ਦੀਆਂ ਨਵੀਆਂ ਤਰੀਕਾਂ ਦਾ ਐਲਾਨ

ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀ ਇੱਕ ਮੁੱਖ ਮੰਗ ਵਾਸਤੇ ਸਹਿਮਤੀ ਕਰ ਕੇ ਝੋਨੇ ਦੀ ਪੜਾਅਵਾਰ ਲਵਾਈ ਲਈ 14 ਜੂਨਅਤੇ 17 ਜੂਨ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕੀਤਾ ਤੇ ਇਸ ਦੇ ਨਾਲ ਜ਼ੋਨਾਂ ਦੀ ਗਿਣਤੀਦੋ ਕਰ ਦਿੱਤੀ ਹੈ, ਜਦਕਿ ਇਸ ਤੋਂ ਪਹਿਲਾਂ ਚਾਰ ਜ਼ੋਨ ਰੱਖੇ ਗਏ ਸਨ।ਬਾਰਡਰ ਦੀ ਕੰਡਿਆਲੀ ਤਾਰ ਤੋਂ ਪਾਰ ਦੇ ਸਰਹੱਦੀ ਇਲਾਕੇ ਵਾਲੀ ਜ਼ਮੀਨ ਨੂੰ ਜ਼ੋਨਾਂ ਦੀ ਬੰਦਿਸ਼ ਤੋਂ ਬਾਹਰ ਰੱਖਿਆ ਗਿਆ ਅਤੇ ਇਸ ਖੇਤਰ ਦੇ ਕਿਸਾਨਾਂ ਨੂੰ 10 ਜੂਨ ਤੋਂ ਝੋਨਾ ਲਾਉਣ ਦੀ ਇਜਾਜ਼ਤ ਹੋਵੇਗੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਝੋਨੇ ਦੀ ਲਵਾਈ ਪੜਾਅਵਾਰ ਢੰਗ ਨਾਲ ਕਰਨ ਲਈ ਰਾਜ ਨੂੰ ਚਾਰ ਜ਼ੋਨਾਂ ਵਿੱਚ ਵੰਡਿਆ ਗਿਆ ਸੀ, ਜਿਨ੍ਹਾਂ ਵਿੱਚ ਜ਼ੋਨ-1 ਵਿੱਚ ਝੋਨੇ ਦੀ ਲਵਾਈ ਦੀ ਤਰੀਕ 18 ਜੂਨ ਸੀ, ਜ਼ੋਨ-2 ਦੀ 22 ਜੂਨ, ਜ਼ੋਨ-3 ਦੀ 24 ਜੂਨ ਅਤੇ ਜ਼ੋਨ-4 ਦੀ 26 ਤਰੀਕ ਰੱਖੀ ਸੀ ਤਾਂ ਕਿ ਧਰਤੀ ਹੇਠ ਪਾਣੀ ਦੇ ਤੇਜ਼ੀ ਨਾਲ ਡਿੱਗਦੇ ਪੱਧਰ ਨੂੰ ਰੋਕਿਆ ਜਾ ਸਕੇ।ਅੱਜ ਏਥੇ ਪੰਜਾਬ ਭਵਨ ਵਿਖੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈਹੇਠ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਬੈਠਕ ਦੀ ਪ੍ਰਧਾਨਗੀ ਕਰਦੇ ਹੋਏਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਜਾ ਕੇ ਤੁਰੰਤ ਪਨੀਰੀ ਲਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਂ ਕਿ ਮਿਥੇ ਸਮੇਂ ਵਿੱਚ ਝੋਨੇ ਦੀ ਲੁਆਈ ਯਕੀਨੀ ਹੋ ਸਕੇ।

ਇਸ ਮੌਕੇ ਮੂੰਗੀ ਦੀ ਫਸਲ ਉੱਤੇਘੱਟੋ-ਘੱਟ ਸਮਰਥਨ ਮੁੱਲ ਯਕੀਨੀ ਕਰਨ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਪੂਰੀ ਕਰਦਿਆਂ





ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਆਗੂਆਂ ਨੂੰ ਕਿਹਾ ਕਿ ਪੰਜਾਬ ਸਰਕਾਰ ਨੇ 7275 ਰੁਪਏ ਪ੍ਰਤੀ ਕੁਇੰਟਲ ਘੱਟੋ-ਘੱਟ ਸਮਰਥਨ ਮੁੱਲ ਉੱਤੇ ਸਾਰੀ ਫ਼ਸਲ ਦੀ ਖ਼ਰੀਦ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਫਸਲੀ ਵਿਭਿੰਨਤਾ ਦੇ ਪ੍ਰਮੁੱਖ ਪ੍ਰੋਗਰਾਮ ਲਈ ਸਰਕਰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਮੱਕੀ ਖਰੀਦਣਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇ ਰਹੀ ਹੈ। ਬਾਸਮਤੀ ਬਾਰੇਉਨ੍ਹਾਂ ਦੱਸਿਆ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਇਸ ਦੇਘੱਟੋ-ਘੱਟ ਸਮਰਥਨ ਮੁੱਲ ਦੇ ਛੇਤੀ ਐਲਾਨਲਈ ਭਾਰਤ ਸਰਕਾਰਨੂੰ ਜ਼ੋਰ ਪਾਉਣਗੇ ਤਾਂ ਜੋ ਕਿਸਾਨਾਂ ਨੂੰ ਪਾਣੀ ਦੀ ਵੱਧ ਖਪਤ ਵਾਲੀ ਝੋਨੇ ਦੀ ਫਸਲ ਦੀ ਥਾਂ ਮੱਕੀ ਵੱਲ ਮੋੜਿਆ ਜਾਵੇ, ਜਿਸ ਨਾਲ ਪਾਣੀ ਦੀ ਬੱਚਤ ਹੋਵੇਗੀ, ਜੋ ਅਗਲੀਆਂ ਪੀੜ੍ਹੀਆਂ ਲਈ ਪੰਜਾਬ ਦਾ ਇੱਕੋ ਬਹੁਮੁੱਲਾ ਕੁਦਰਤੀ ਸਰੋਤ ਹੈ। ਉਨ੍ਹਾਂ ਨੇ ਕਿਸਾਨ ਮੋਰਚੇ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਸਾਰੇ ਭਾਈਵਾਲਾਂ ਦੀ ਸੰਤੁਸ਼ਟੀ ਲਈ ਛੇਤੀ ਹੱਲ ਲਈ ਅਮਿਤ ਸ਼ਾਹ ਕੋਲ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਦਾ ਵਿਵਾਦਤ ਮੁੱਦਾ ਵੀ ਉਠਾਉਣਗੇ।

ਪੰਜਾਬ ਵਿੱਚ ਕੱਦੂ ਕਰ ਕੇ ਝੋਨਾ ਲਾਉਣ ਦੀ ਥਾਂਝੋਨੇ ਦੀ ਸਿੱਧੀ ਬਿਜਾਈ ਕਰਦੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਪਾਣੀ ਦੀ ਘੱਟ ਖਪਤ ਤੇ ਘੱਟ ਖਰਚੇ ਵਾਲੀ ਤਕਨੀਕ ਵਰਤਣ ਲਈ ਪ੍ਰੇਰਿਤ ਕਰਨ ਵਾਸਤੇ 1500 ਰੁਪਏ ਪ੍ਰਤੀ ਏਕੜ ਦੀ ਮਦਦ ਦਾ ਐਲਾਨ ਕੀਤਾ ਹੈ। ਇਸ ਮੰਤਵ ਲਈ ਉਤਸ਼ਾਹ ਰਾਸ਼ੀ ਵਜੋਂ 450 ਕਰੋੜ ਰੁਪਏ ਰੱਖੇ ਹਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਸਿੱਧੀ ਬਿਜਾਈ ਨਾਲ ਝੋਨੇ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਦੇ ਰਾਜ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਤੇ ਮੁੱਖ ਮੰਤਰੀ ਦਾ ਕਿਸਾਨੀ ਦੀ ਭਲੇ ਲਈ ਲੀਹ ਤੋਂ ਹਟਵਾਂ ਰਾਹ ਲੱਭਣ ਲਈ ਧੰਨਵਾਦ ਕੀਤਾ। ਭਗਵੰਤ ਮਾਨ ਨੇ ਕਿਸਾਨ ਆਗੂਆਂ ਤੋਂ ਘੱਟੋ-ਘੱਟ ਇੱਕ ਸਾਲ ਸਮਾਂ ਮੰਗ ਕੇ ਕਿਹਾ,‘ਕ੍ਰਿਪਾ ਕਰਕੇ ਸਬਰ ਰੱਖੋ, ਮੈਂ ਭਰੋਸਾ ਦਿੰਦਾ ਹਾਂ ਕਿ ਤੁਹਾਡੀਆਂ ਸੰਗਠਨਾਂ ਨੂੰ ਧਰਨਾ ਮੁਕਤ ਕਰ ਦੇਵਾਂਗਾ।’

ਭਗਵੰਤ ਮਾਨ ਨੇ ਕਿਹਾ ਕਿ ਪੰਚਾਇਤੀ ਜ਼ਮੀਨ ਉੱਤੇ ਲੰਮੇ ਸਮੇਂ ਤੋਂ ਕਾਬਜ਼ ਲੋਕਾਂ, ਜਿਨ੍ਹਾਂ ਨੇ ਬੰਜਰ ਜ਼ਮੀਨਾਂ ਨੂੰ ਵਾਹੀਯੋਗ ਬਣਾਇਆ, ਨੂੰ ਮਾਲਕੀ ਹੱਕ ਦੇਣ ਦੀ ਖੁੱਲ੍ਹੀ ਰਣਨੀਤੀ ਬਣੇਗੀ।ਉਨ੍ਹਾ ਨੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਕਿਸਾਨ ਆਗੂਆਂ ਨਾਲ ਬੈਠਕ ਕਰ ਕੇ ਇਹਮੁੱਦਾ ਛੇਤੀ ਹੱਲ ਕਰਨ ਨੂੰਕਿਹਾ, ਪਰ ਨਾਲ ਕਿਹਾ ਕਿ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ੇ ਤੋਂ ਛੁਡਾਉਣ ਦੀ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਜ਼ਮੀਨ ਦੀ ਆਖਰੀ ਇੰਚ ਤੱਕ ਵੀ ਕਬਜ਼ੇ ਤੋਂ ਛੁਡਾ ਨਹੀਂ ਲੈਂਦੇ।ਮੁੱਖ ਮੰਤਰੀ ਨੇ ਇਸ ਮੁਹਿੰਮ ਵਿੱਚ ਕਿਸਾਨ ਆਗੂਆਂ ਨੂੰ ਸਹਿਯੋਗ ਕਰਨ ਲਈ ਕਿਹਾ।ਉਨ੍ਹਾ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂਦੇ ਵਧੀਆ ਰਿਸ਼ਤੇ ਰੱਖਣ ਦੀ ਅਪੀਲ ਕੀਤੀ ਤਾਂ ਜੋ ਦੋਵਾਂ ਦੇ ਹਿੱਤਾਂ ਦੀ ਰਾਖੀ ਲਈ ਕਿਸਾਨੀ ਕਿੱਤੇ ਨੂੰ ਵੱਧ ਟਿਕਾਊ ਬਣਾਇਆ ਜਾਵੇ।




## ਸਰਕਾਰ ਨਾਲ ਸਹਿਮਤੀ ਪਿੱਛੋਂ ਕਿਸਾਨਾਂ ਦਾ ਮੋਹਾਲੀ ਮੋਰਚਾ ਸਮਾਪਤ

ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇਮੋਹਾਲੀ ਬਾਰਡਰ ਉੱਤੇ ਅੰਦੋਲਨ ਕਰਨ ਦੇ ਲਈ ਡਟੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਸਹਿਮਤੀ ਮਗਰੋਂ ਕਿਸਾਨਾਂ ਨੇ ਧਰਨਾ ਸਮਾਪਤ ਕਰ ਦਿੱਤਾ ਹੈ। ਲਗਭਗ ਤਿੰਨ ਘੰਟੇ ਚੱਲੀ ਮੀਟਿੰਗ ਪਿੱਛੋਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੋਹਾਲੀ ਵਿੱਚ ਕਿਸਾਨਾਂ ਦੇ ਧਰਨੇ ਵਿੱਚ ਪਹੁੰਚੇ ਅਤੇ ਕਿਸਾਨਾਂ ਦੀਆਂ ਮੰਗਾਂ ਮੰਗਣ ਬਾਰੇ ਸਹਿਮਤੀ ਹੋਣ ਦਾ ਐਲਾਨ ਕਰ ਕੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਅਤੇ ਕਿਸਾਨਾਂ ਦੀ ਸਰਕਾਰ ਹੈ।

ਇਸ ਮੌਕੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਸਰਕਾਰ ਨੇ ਮੰਨ ਲਈਆਂ ਹਨ ਤੇ ਇਸ ਉੱਤੇ ਕਿਸਾਨ ਆਗੂਆਂ ਨੇ ਸਹਿਮਤੀ ਦਿੱਤੀ ਹੈ।ਉਨ੍ਹਾ ਕਿਹਾ ਕਿ ਉਹ ਕਿਸਾਨਾਂ ਦਾ ਦਰਦ ਜਾਣਦੇ ਹਨ, ਉਹ ਵੀ ਕਿਸਾਨ ਪਰਿਵਾਰ ਤੋਂ ਹਨ, ਸਰਕਾਰ ਆਮ ਲੋਕਾਂ ਦੀ ਹੈ ਅਤੇ ਕਿਸਾਨਾਂ ਨੂੰ ਧਰਨੇ ਲਾਉਣ ਦੀ ਲੋੜ ਨਹੀਂ ਪਵੇਗੀ, ਜਿਹੜੀ ਮੰਗ ਉਹਲੈ ਕੇ ਆਉਣਗੇ, ਮਾਨ ਸਰਕਾਰ ਪੂਰੀ ਕਰੇਗੀ। ਧਾਲੀਵਾਲ ਨੇ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੀ ਥਾਂਕਿਸਾਨਾਂ ਨੂੰ ਕਰਜ਼ਾ ਮੁਕਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਬਿਜਾਈ ਬਾਰੇ ਕਿਸਾਨਾਂ ਵੱਲੋਂ ਕੀਤੀ ਮੰਗ ਮੰਨ ਕੇ ਸਰਕਾਰ ਨੇ ਪੰਜਾਬ ਨੂੰ ਦੋ ਜ਼ੋਨਾਂ ਵਿਚ ਵੰਡਿਆ ਹੈ। ਜ਼ੋਨ ਕਿਸਾਨ ਖੁਦ ਬਨਾਉਣਗੇ ਤੇ ਇਕ ਦੋ ਦਿਨ ਵਿੱਚ ਇਸ ਬਾਰੇ ਸਰਕਾਰ ਨੂੰ ਦੱਸਣ-ਗੇ। ਇਨ੍ਹਾਂ ਜ਼ੋਨਾਂ ਵਿੱਚ ਬਿਜਾਈ 14 ਤੇ 17 ਤੋਂ ਸ਼ੁਰੂ ਹੋਵੇਗੀ। ਬਾਰਡਰ ਅਤੇ ਸੇਮ ਵਾਲੇਇਲਾਕੇ ਦੇ ਕਿਸਾਨ 10 ਜੂਨਪਿੱਛੋਂ ਝੋਨਾ ਲਾ ਸਕਣਗੇ। ਬਿਜਲੀ ਤਿੰਨ ਦਿਨ ਪਹਿਲਾਂ ਮਿਲਣ ਲੱਗੇਗੀ। ਮੂੰਗੀ ਉੱਤੇ ਐੱਮ ਐੱਸ ਪੀ ਦਾ ਨੋਟੀਫਿਕੇਸ਼ਨ ਵੀ ਜਾਰੀ ਹੋ ਗਿਆ ਹੈ ਅਤੇ ਕਣਕਦੇ ਬੋਨਸ ਲਈ ਮੁੱਖ ਮੰਤਰੀ ਭਗਵੰਤ ਮਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣਗੇ।ਇਸ ਨਾਲ ਬਾਸਮਤੀ ਅਤੇ ਮੱਕੀ ਦੀ ਐੱਮ ਐੱਸ ਪੀ ਹਰ ਹਾਲ ਵਿਚ ਦਿੱਤੀ ਜਾਵੇਗੀ। ਮੰਤਰੀ ਨੇ ਕਿਹਾ



ਕਿ ਜਿਹੜੀਆਂ ਪੰਚਾਇਤੀ ਜ਼ਮੀਨਾਂ ਨੂੰ ਕਿਸਾਨਾਂ ਨੇ ਆਬਾਦ ਕੀਤਾ ਹੈ, ਉਨ੍ਹਾਂਦੇ ਕਬਜ਼ੇ ਬਾਰੇ 23 ਮਈ ਨੂੰ ਕਿਸਾਨ ਆਗੂਆਂ ਨਾਲ ਪੇਂਡੂ ਵਿਕਾਸ

*** ਮੰਤਰੀ ਕਹਿੰਦਾ: ਕਰਜ਼ਾ ਮੁਆਫੀ ਨਹੀਂ, ਕਿਸਾਨਾਂ ਨੂੰ ਕਰਜ਼ਾ ਮੁਕਤ ਕਰਾਂਗੇ**

ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਖੁਦ ਮੀਟਿੰਗ ਕਰਨਗੇ ਤੇ ਕੋਈ ਵੀ ਅਫਸਰ ਕਿਸਾਨਾਂ ਦੀ ਜ਼ਮੀਨ ਕੁਰਕੀ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਬਾਸਮਤੀ ਦਾ ਇੱਕ-ਇੱਕ ਦਾਣਾ ਮੰਡੀਆਂ ਵਿੱਚੋਂ ਪੰਜਾਬ ਸਰਕਾਰ ਵਧੀਆ ਰੇਟਾਂ ਉੱਤੇ ਚੁੱਕੇਗੀ।













ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

**Founder Editor** Jagdish Singh Grewal
**Managing Director** Parminder Kaur Grewal
**Contributing Editors** Gyan Singh,
**Office Admin** Sajandeep Singh
**Graphic Designer** Angrez Singh
Komal Matharu
**Photographer** Kanwaljit Singh Kanwal
**Distributer** Bhupinder Dhillon
**Marketing:** Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬੀ ਗਾਇਕਾ ਕੌਰ ਬੀ ਦੀ ਕੋਠੀ ਪੰਚਾਇਤੀ ਥਾਂ ਵਿੱਚ ਨਿਕਲ ਆਈ




ਲਹਿਰਾਗਾਗਾ, 18 ਮਈ, (ਪੋਸਟ ਬਿਊਰੋ)- ਪਿੰਡ ਦੀ ਪੰਚਾਇਤ ਵੱਲੋਂ ਕਰਵਾਈ ਮਿਣਤੀ ਵੇਲੇ ਗਾਇਕ/ਕਲਾਕਾਰ ਕੌਰ ਬੀ ਦੀ ਕੋਠੀ ਵੀ ਪੰਚਾਇਤੀ ਜ਼ਮੀਨ ਦੇ ਘੇਰੇ ਵਿਚ ਆ ਜਾਣ ਨਾਲ ਨਵੀਂ ਚਰਚਾ ਛਿੜ ਗਈ ਹੈ।

ਵਰਣਨ ਯੋਗ ਹੈ ਕਿ ਪੰਜਾਬ ਸਰਕਾਰ ਦੀ ਪੰਚਾਇਤੀ ਜ਼ਮੀਨਾਂ ਉੱਤੇ ਕਬਜ਼ੇ ਛੁਡਾਉ ਮੁਹਿੰਮ ਹੇਠ ਖਨੌਰੀ ਨੇੜੇ ਪਿੰਡ ਨਵਾਂਗਾਓਂ ਦੀ ਪੰਚਾਇਤ ਨੇ ਪਿੰਡ ਦੀ ਪੰਚਾਇਤੀ ਜ਼ਮੀਨ ਦੀ ਮਿਣਤੀ ਕਰਵਾਈ ਸੀ।ਸਰਪੰਚ ਕੁਲਵੰਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਕ ਕਰਵਾਈ ਵਾਹੀਯੋਗ ਜ਼ਮੀਨ ਦੀ ਮਿਣਤੀ ਮੁਤਾਬਕਕਰਤਾਰ ਸਿੰਘ ਹੋਤੀਪੁਰ, ਗਾਇਕ ਕੌਰ ਬੀ ਦੇ ਪਰਿਵਾਰ ਤੇ ਅਮਰਜੀਤ ਸਿੰਘ ਹੋਤੀਪੁਰ ਪੰਚਾਇਤ ਦੀ ਵਾਹੀਯੋਗ ਜ਼ਮੀਨ ਉੱਤੇ ਕਬਜ਼ਾ ਕਰ ਕੇ ਖੇਤੀ ਕਰ ਰਹੇ ਹਨ। ਸਰਪੰਚ ਨੇ ਕਿਹਾ ਕਿ ਇਸ ਤੋਂ ਇਲਾਵਾ ਕੌਰ ਬੀ ਦੇ ਪਰਿਵਾਰ ਨੇ ਪੰਚਾਇਤੀ ਜ਼ਮੀਨ ਉੱਤੇ ਕੋਠੀ ਪਾਈ ਹੋਈ ਹੈ। ਇਸ ਬਾਰੇ ਜ਼ਿੰਮੀਦਾਰ ਕਰਤਾਰ ਸਿੰਘ ਨੇ ਕਿਹਾ ਕਿ ਅਸੀਂ ਸਰਕਾਰ ਦੇ ਫ਼ੈਸਲੇ ਨਾਲ ਸਹਿਮਤ ਹਾਂ, ਜੇ ਸਾਡੇ ਕੋਲ ਪੰਚ-ਾਇਤ ਦੀ ਵਾਹੀਯੋਗ ਜ਼ਮੀਨ ਹੈ, ਉਸ ਦਾ ਕਬਜ਼ਾ ਛੱਡਾਂਗੇ।ਕੌਰ ਬੀ ਦੇ ਭਰਾ ਗੁਰਵਿੰਦਰ ਸਿੰਘ ਨੇਵੀ ਕਿਹਾ ਕਿ ਪੰਜਾਬ ਸਰਕਾਰ ਦਾ ਪੰਚਾਇਤੀ ਜ਼ਮੀਨ ਛੁਡਾਉਣ ਦਾ ਫ਼ੈਸਲਾ ਸ਼ਲਾਘਾਯੋਗ ਹੈ, ਅਸੀਂ ਸਰਕਾਰ ਦੇ ਨਿਯਮਾਂ ਨੂੰ ਸਿਰ ਮੱਥੇ ਮੰਨਦੇ ਤੇ ਸਰਕਾਰੀ ਫ਼ੈਸਲੇ ਨਾਲ ਸਹਿਮਤ ਹਾਂ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# 82 ਸਾਲ ਦੀ ਉਮਰ ਵਿੱਚ ਪੂਰਾ ਕੈਨੇਡਾ ਦੇਖਣ ਦੀ ਇੱਛਾ ਕੀਤੀ ਪੂਰੀ



ਬਰੈਂਪਟਨ, 18 ਮਈ (ਪੋਸਟ ਬਿਊਰੋ)- ਬਰੈਂਪਟਨ ਨਿਵਾਸੀ ਲਖਵੀਰ ਸਿੰਘ ਮੁੰਡੀਆਂ, ਜਿਨ੍ਹਾਂ ਦਾ ਪਿੰਡ ਹੁਸ਼ਿਆਰਪੁਰ ਮੁੰਡੀਆਂ ਜੱਟਾਂ ਹੈ, ਜੋ 1991 ਵਿੱਚ ਕੈਨੇਡਾ ਆ ਕੇ ਵਸੇ ਸਨ, ਉਦੋਂ ਤੋਂ ਉਨ੍ਹਾਂ ਦੇ ਦਿਲ ਵਿਚ ਇੱਛਾ ਸੀ ਕਿ ਪੂਰੀ ਕੈਨੇਡਾ ਦਾ ਕੋਸਟ ਟੂ ਕੋਸਟ ਇਕ ਟੂਰ ਕੀਤਾ ਜਾਵੇ। ਪਰ ਉਨ੍ਹਾਂ ਦੀ ਇਹ ਇੱਛਾ ਸਾਲ 2021 ਵਿੱਚ ਆ ਕੇ ਪੂਰੀ ਹੋਈ। ਇਸ ਸਮੇਂ ਉਨ੍ਹਾਂ ਦੀ ਉਮਰ 82 ਦੀ ਸੀ ਅਤੇ ਅਚਾਨਕ ਉਨ੍ਹਾਂ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਪ੍ਰੋਗਰਾਮ ਬਣਾਇਆ ਜਾਵੇ ਅਤੇ ਪੂਰੇ ਕੈਨੇਡਾ ਦਾ ਸਫ਼ਰ ਕੀਤਾ ਜਾਵੇ। ਉਨ੍ਹਾਂ ਇਕ ਦਿਨ ਪਹਿਲਾਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਦੱਸਿਆ ਕਿ ਕੱਲ੍ਹ ਨੂੰ ਅਸੀਂ ਆਪਣੀ ਕਾਰ ਰਾਹੀਂ ਕੈਨੇਡਾ ਦੇ ਟੂਰ ਉਤੇ ਨਿਕਲ ਰਹੇ ਹਾਂ। ਇਸ ਸਫ਼ਰ ਲਈ ਪਹਿਲਾਂ ਉਨ੍ਹਾਂ ਸੋਚਿਆ ਕਿ ਕੋਈ ਨਵੀਂ ਕਾਰ ਰੈਂਟ ਕਰ ਲਈ ਜਾਵੇ, ਪਰ ਬਾਅਦ ਵਿਚ ਉਨ੍ਹਾਂ ਆਪਣੀ ਹੀ ਕਾਰ, ਜੋ ਕਿ ਕੁਝ ਸਾਲ ਪਾਣੀ ਸੀ ਨਿਸਾਨ ਰੋਗ, ਉਸ ਨੂੰ ਚੈੱਕਅੱਪ ਕਰਵਾਇਆ ਤੇ ਅਗਲੇ ਦਿਨ ਆਪਣੀ ਪਤਨੀ ਪਰਮਜੀਤ ਕੌਰ ਮੁੰਡਿਆਂ ਦੇ ਨਾਲ ਇਸ ਟੂਰ ਦੇ ਉੱਤੇ ਨਿਕਲ ਤੁਰੇ।

ਉਨ੍ਹਾਂ ਨੇ ਰਾਹ ਵਿੱਚ ਪਹਿਲਾ ਪੜਾਅ ਸੂ ਸੇਂਟ ਮਰੀ ਲਾਇਆ, ਜਿੱਥੇ ਉਨ੍ਹਾਂ ਦਾ ਇੱਕ ਦਿਨ ਦਾ ਪੂਰਾ ਸਫ਼ਰ ਸੀ ਤੇ ਉਸ ਤੋਂ ਬਾਅਦ ਫੇਰ ਚਾਰ ਰਾਤਾਂ ਵੱਖ-ਵੱਖ ਸ਼ਹਿਰਾਂ ਵਿੱਚ ਠਹਿਰਦੇ ਹੋਏ ਵੈਨਕੂਵਰ ਪਹੁੰਚੇ। ਉਨ੍ਹਾਂ ਦੱਸਿਆ ਕਿ ਸਾਰਾ ਸਫ਼ਰ ਬਹੁਤ ਹੀ ਸੁਹਾਵਣਾ ਰਿਹਾ ਅਤੇ ਜਿੱਥੇ ਉਨ੍ਹਾਂ ਕੈਨੇਡਾ ਦੀਆਂ ਖੁੱਲ੍ਹੀਆਂ ਵਾਦੀਆਂ ਦਾ ਆਨੰਦ ਮਾਣਿਆ ਉਸ ਦੇ ਨਾਲ ਨਾਲ ਕੈਨੇਡਾ ਦੇ ਖੁੱਲ੍ਹੇ ਮੈਦਾਨ ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਦਾ ਵੀ ਆਨੰਦ ਮਾਣਿਆ।

ਪੰਜਾਬ ਵਿੱਚ ਇਨ੍ਹਾਂ ਨੇ ਸਿਵਲ ਇੰਜਨੀਅਰਿੰਗ ਕੀਤੀ ਹੋਈ ਸੀ ਤੇ ਉਥੋਂ ਬਤੌਰ ਇੰਜਨੀਅਰ ਆਪਣੀ ਜੌਬ ਛੱਡ ਕੇ ਇੱਥੇ ਕੈਨੇਡਾ ਵਿਚ ਆਏ ਸਨ ਤੇ ਇੱਥੇ ਇਕ ਡਾਟਾ ਡਾਇਰੈਕਟ ਨਾਮ ਦੀ ਕੰਪਨੀ ਨਾਲ ਕੰਮ ਕਰਦੇ ਰਹੇ। ਪਰ ਉਨ੍ਹਾਂ ਦੀ ਇੱਛਾ ਆਪ ਡਰਾਈਵ ਕਰਕੇ ਕੈਨੇਡਾ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਤਕ ਜਾਣ ਦੀ ਸੀ। ਇਹ ਇੱਛਾ ਉਨ੍ਹਾਂ ਨੇ ਆਪਣੇ ਜੀਵਨ ਸਾਥੀ ਨਾਲ 82 ਸਾਲ ਦੀ ਉਮਰ ਦੇ ਵਿਚ ਦਸ ਹਜ਼ਾਰ ਕਿਲੋਮੀਟਰ ਆਉਣ ਜਾਣ ਦਾ ਸਫ਼ਰ ਤੈਅ ਕਰਕੇ ਪੂਰੀ ਕੀਤੀ ਅਤੇ ਉਹ ਆਪਣੇ ਇਸ ਸਫ਼ਰ ਤੋਂ ਖੁਸ਼ ਹਨ। ਉਨ੍ਹਾਂ ਵਲੋਂ ਕੀਤੇ ਗਏ ਇਸ ਸਫ਼ਰ ਦੇ ਬਾਰੇ ਵਿਚ ਇੰਟਰਨੈਸ਼ਨਲ ਸੀਨੀਅਰ ਕਲੱਬ ਬਰੈਂਪਟਨ ਦੇ ਮੈਂਬਰਾਂ ਨੇ ਵੀ ਖੁਸ਼ੀ ਮਨਾਈ ਅਤੇ ਉਨ੍ਹਾਂ ਨੂੰ ਵੀ ਹੌਸਲਾ ਹੋਇਆ ਕਿ ਇਸ ਉਮਰ ਦੇ ਵਿੱਚ ਵੀ ਜੇਕਰ ਅਸੀਂ ਆਪਣੀ ਕੋਈ ਇੱਛਾ ਪੂਰੀ ਕਰਨਾ ਚਾਹੁੰਦੇ ਹਾਂ, ਤਾਂ

# ਗੁਰਚਰਨ ਸਿੰਘ ਭੰਗੂ ਦੀ ਸਵੈਜੀਵਨੀ ਜੁੱਤੀ ਕਸੂਰੀ ਲੋਕ ਅਰਪਨ



ਲੁਧਿਆਣਾ, 18 ਮਈ (ਗਿਆਨ ਸਿੰਘ): ਲੁਧਿਆਣਾ ਦੇ ਮੁਹੱਲਾ ਚੇਤ ਸਿੰਘ ਨਗਰ ਵੱਸਦੇ ਕਰਮਯੋਗੀ ਲੇਖਕ ਗੁਰਚਰਨ ਸਿੰਘ ਭੰਗੂ ਦੀ ਸ੍ਵੈ ਜੀਵਨੀ ਜੁੱਤੀ ਕਸੂਰੀ ਡਾਃ ਸੁਰਜੀਤ ਪਾਤਰ, ਗੁਰਭਜਨ ਗਿੱਲ, ਸੁਖਜੀਤ, ਨਰਿੰਦਰ ਸ਼ਰਮਾ ਐਡਵੋਕੇਟ ਪ੍ਰਧਾਨ ਪੰਜਾਬੀ ਸਾਹਿੱਤ ਸਭਾ,ਡਾਃ ਲਖਵਿੰਦਰ ਜੌਹਲ ਤੇ ਡਾਃ ਮਨਮੋਹਨ ਸਮੇਤ ਹੋਰ ਲੇਖਕਾਂ ਵੱਲੋਂ ਪੰਜਾਬੀ ਸਾਹਿੱਤ ਸਭਾ ਵੱਲੋਂ ਕਰਵਾਏ ਸਮਾਗਮ ਵਿੱਚ ਲੋਕ ਅਰਪਨ ਕੀਤੀ ਗਈ। ਇਸ ਪੁਸਤਕ ਬਾਰੇ ਗੱਲ ਕਰਦਿਆਂ ਡਾਃ ਸੁਰਜੀਤ ਪਾਤਰ ਨੇ ਕਿਹਾ ਕਿ ਜਦ ਕੋਈ ਆਪਣੀ ਆਤਮ ਕਥਾ ਲਿਖਦਾ ਹੈ ਤਾਂ ਉਹ ਸਹਿਜ ਸੁਭਾਅ ਆਪਣੇ ਸਮਿਆਂ ਨੂੰ ਵੀ ਚਿਤਰ ਜਾਂਦਾ ਹੈ। ਜਿਵੇਂ ਕੋਈ ਦੀਵਾ ਜਗਦਾ ਹੈ ਤਾਂ ਉਹ ਸਿਰਫ਼ ਆਪ ਹੀ ਨਹੀਂ ਦਿਸਦਾ ਸਗੋਂ ਆਪਣੇ ਚੌਗਿਰਦੇ ਦੇ ਵੀ ਦਰਸ਼ਨ ਕਰਵਾ ਜਾਦਾ ਹੈ। ਜੁੱਤੀ ਕਸੂਰੀ ਰਾਹੀਂ ਭੰਗੂ ਸਾਹਿਬ ਨੇ ਸਾਨੂੰ ਬਹੁਤ ਬਾਰੀਕਬੀਨੀ ਨਾਲ ਆਪਣੇ ਸਮਾਂ ਕਾਲ ਦੇ ਵੀ ਦਰਸ਼ਨ ਕਰਵਾ ਦਿੱਤੇ ਹਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋਃ ਗੁਰਭਜਨ ਸਿੰਘ ਗਿੱਲ ਨੇ ਸਃ ਗੁਰਚਰਨ ਸਿੰਘ ਭੰਗੂ ਨੂੰ ਇਹ ਕਿਤਾਬ ਲਿਖਣ ਲਈ ਮੁਬਾਰਕ ਦਿੰਦਿਆਂ ਕਿਹਾ ਕਿ ਇਹ ਪਾਰਦਰਸ਼ੀ ਰੂਹ ਦੀ ਰਚਨਾ ਹੈ। ਆਮ ਧਾਰਨ ਆਦਮੀ ਦੇ ਸੱਚ ਨੂੰ ਕਿਹੜੀਆਂ ਆਫ਼ਤਾਂ ਨਾਲ ਖਹਿ ਕੇ ਲੰਘਣਾ ਪੈਂਦਾ ਹੈ, ਇਹ ਉਸ ਕਸ਼ਮਕਸ਼ ਦਾ ਦਸਤਾਵੇਜ਼ ਹੈ।

ਉੱਘੇ ਲੇਖਕ ਸੁਖਜੀਤ ਨੇ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਦੀ, ਸਹਿਜ ਅਤੇ ਦਿਲਚਸਪ ਵਿਧੀ ਰਾਹੀਂ ਭੰਗੂ ਸਾਹਿਬ ਨੇ ਇਸ ਲਿਖਤ ਵਿੱਚ ਸਾਹ ਸਤ ਹੀਣ ਹੋਏ ਬੰਦੇ ਨੂੰ ਆਤਮ ਵਿਸ਼ਵਾਸ ਸਹਾਰੇ ਸਿੱਧਾ ਸਤੋਰ ਖੜ੍ਹੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ।

ਜੁੱਤੀ ਕਸੂਰੀ ਦੇ ਸਿਰਜਕ ਸਃ ਗੁਰ-ਚਰਨ ਸਿੰਘ ਭੰਗੂ ਦਾ ਜ਼ਿਕਰ ਕਰਦਿਆਂ ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਕਿਹਾ ਕਿ ਮੇਰੇ ਵੱਡੇ ਭਾਗ ਹਨ ਕਿ ਸਃ ਭੰਗੂ ਮੇਰੇ ਵੱਡੇ ਜੀਜਾ ਜੀ ਹਨ, ਜਿੰਨ੍ਹਾਂ ਨੂੰ ਮੈਂ ਲਾਸਾਨੀ ਜੀਉੜਿਆਂ ਵਾਂਗ ਵਿਚਰਦਿਆਂ ਵੇਖਿਆ ਹੈ। ਉਨ੍ਹਾਂ ਵੱਲੋਂ ਅਚਨਚੇਤ ਆਪਣੀ ਜੀਵਨੀ ਲਿਖਣਾ ਮੇਰੇ ਲਈ ਕਰਾਮਾਤ ਵਰਗੀ ਗੱਲ ਹੈ।

ਪੰਜਾਬੀ ਸਾਹਿੱਤ ਸਭਾ ਸਮਰਾਲਾ ਵੱਲੋਂ ਸਃ ਗੁਰਚਰਨ ਸਿੰਘ ਭੰਗੂ ਨੂੰ ਦੋਸ਼ਾਲਾ ਤੇ ਗੁਲਦਸਤਾ ਭੇਂਟ ਕਰਕੇ ਪ੍ਰਧਾਨਗੀ ਮੰਡਲ ਤੋਂ ਸਨਮਾਨਿਤ ਕਰਵਾਇਆ ਗਿਆ। ਇਸ ਮੌਕੇ ਅਮਰਜੀਤ ਗਰੇਵਾਲ, ਡਾ. ਯੋਗ ਰਾਜ, ਜਗਦੀਪ ਸਿੱਧੂ,ਸਵਰਨਜੀਤ ਸਵੀ, ਦੀਪ ਦਿਲਬਰ ਮਾਲਕ ਦਿਲਦੀਪ ਪ੍ਰਕਾਸ਼ਨ,ਡਾਃ ਗੁਰਇਕਬਾਲ ਸਿੰਘ ਜਨ ਸਕੱਤਰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਰਵੀਦੀਪ ਰਵੀ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ,ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ,ਦੇਸ ਰਾਜ ਕਾਲੀ,ਡਾਃ ਤੇਜਿੰਦਰ ਸਿੰਘ, ਪਰਮਿੰਦਰ ਸਿੰਘ ਗਿੱਲ ਐਡਵੋਕੇਟ, ਡਾਃ ਸੁਖਪਾਲ ਕੌਰ, ਅਮਰਜੀਤ ਕੌਰ ਮੋਰਿੰਡਾ, ਪਰਮਜੀਤ ਸਿੰਘ ਐਡਵੋਕੇਟ ਖੰਨਾ, ਤਰਣ ਸਿੰਘ ਬੱਲ ਨਾਮਧਾਰੀ, ਹਰਬੰਸ ਮਾਲਵਾ, ਮੀਤ ਅਨਮੋਲ, ਪ੍ਰਭਜੋਤ ਸਿੰਘ ਸੋਹੀ, ਤੇਲੂ ਰਾਮ ਕੋਹਾੜਾ, ਕਮਲਜੀਤ ਨੀਲੋਂ, ਸੰਦੀਪ ਸਮਰ-ਾਲਾ,ਮਨਦੀਪ ਡਡਿਆਣਾ, ਅਮਨਦੀਪ ਸਮਰਾਲਾ, ਗੁਰਪ੍ਰੀਤ ਸਿੰਘ ਬੇਦੀ ਜੀਵੇ ਧਰਤਿ ਹਰਿਆਵਲੀ ਲਹਿਰ, ਸੁਰਜੀਤ ਵਿਸ਼ਦ,
ਬਲਦੇਵ ਸਿੰਘ ਬਰਵਾਲੀ, ਸੁਰਿੰਦਰਪੀਤ ਸਿੰਘ ਕਾਓਂਕੇ
ਰਾਜ ਸਿੰਘ ਬਦੌਛੀ,ਹਰਮਨਦੀਪ ਕੌਰ, ਗੁਰਪ੍ਰੀਤ ਖੰਨਾ, ਮੇਘ ਸਿੰਘ , ਸਿਮਰਜੀਤ ਸਿੰਘ ਕੰਗ ਸਕੱਤਰ ਸ਼੍ਰੋਮਣੀ ਕਮੇਟੀ, ਰਾਜਵਿੰਦਰ ਨਾਟਕਕਾਰ ਆਪਣੀ ਸਮੁੱਚੀ ਟੀਮ ਸਮੇਤ ਹਾਜ਼ਰ ਸਨ।

# ਨਾਜਾਇਜ਼ ਕਬਜ਼ੇ ਛੱਡਣ ਬਾਰੇ ਗੱਲ ਕਰਨ ਗਈ ਆਪ ਵਿਧਾਇਕਾ'ਤੇ ਹਮਲਾ ਕਰਨ ਦੀ ਕੋਸ਼ਿਸ਼



ਮੋਗਾ, 18 ਮਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਬੁੱਧਵਾਰ ਨੂੰ ਮੋਗਾ ਜ਼ਿਲੇਵਿਚਲੇ ਪਿੰਡ ਮੋਠਵਾਲੀ ਵਿੱਚਇੱਕ ਸੜਕ ਦੇ ਉਦਘਾਟਨ ਲਈ ਗਈ ਤਾਂ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੇ ਪਸ਼ੂ ਹਸਪਤਾਲ ਉੱਤੇ ਪਿੰਡ ਦੇ ਸਰਪੰਚ ਨੇ ਨਾਜਾਇਜ਼ ਕਬਜ਼ਾ ਕੀਤਾ ਹੈ ਤੇ ਉਹ ਉਸ ਨੂੰ ਆਪਣਾ ਘਰ ਬਣਾ ਕੇ ਹਸਪਤਾਲ ਵਿੱਚ ਹੀ ਰਹਿ ਰਿਹਾ ਹੈ। ਲੋਕਾਂ ਨੇ ਕਬਜ਼ਾ ਛੁਡਾਉਣ ਦੀ ਮੰਗ ਕੀਤੀ।

ਇਸ ਬਾਰੇ ਵਿਧਾਇਕਾ ਅਮਨਦੀਪ ਕੌਰ ਅਰੋੜਾ ਨੇ ਪਿੰਡ ਦੇ ਸਰਪੰਚ ਹਰਨੇਕ ਸਿੰਘ ਨਾਲ ਮਿਲ ਕੇ ਗੱਲ ਕਰਨੀ ਚਾਹੀ ਅਤੇ ਜਾ ਕੇ ਸਰਪੰਚ ਨੂੰ ਹਸਪਤਾਲ ਖਾਲੀ ਕਰਨ ਲਈ ਕਿਹਾ। ਅਮਨ ਅਰੋੜਾ ਨੇ ਸਰਪੰਚ ਨੂੰ ਕਿਹਾ ਕਿ ਤੁਸੀਂ 31 ਮਈ ਤੱਕ ਕਬਜ਼ਾ ਖਾਲੀ ਕਰ ਦਿਉ। ਇਸੇ ਗੱਲ ਤੋਂ ਸਰਪੰਚ ਤੇ ਵਿਧਾਇਕ ਵਿਚਾਲੇ ਕਿਹਾ-ਸੁਣੀ ਹੋ ਗਈ ਤੇ ਸਰਪੰਚ ਨੇ ਮਹਿਲਾ ਵਿਧਾਇਕ ਉੱਤੇ ਡਾਂਗ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਪਿੱਛੋਂ ਵਿਧਾਇਕ ਅਮਨ ਅਰੋੜਾ ਨੇ ਪੁਲਸ ਨੂੰ ਰਿਪੋਰਟ ਦਰਜ ਕਰਵਾ ਦਿੱਤੀ ਅਤੇ ਪੁਲਿਸ ਨੇ ਦੋ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸਰਪੰਚ ਦੀ ਤਲਾਸ਼ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਸਰਪੰਚ ਪਹਿਲਾਂ ਕਾਂਗਰਸ ਪਾਰਟੀ ਵਿੱਚ ਸੀ ਤੇ ਅੱਜਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਚੁੱਕਾ ਹੈ। ਉਸ ਨੂੰ ਸਾਬਕਾ ਵਿਧਾਇਕ ਦੀ ਹਮਾਇਤ ਵੀ ਹਾਸਲ ਹੈ।

# ਸਾਬਕਾ ਵਿਧਾਇਕ ਪਿੰਕੀ ਵੱਲੋਂ ਸੁਰੱਖਿਆ ਬਹਾਲੀ ਬਾਰੇ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਨੋਟਿਸ

ਚੰਡੀਗੜ੍ਹ, 18 ਮਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਸੁਰੱਖਿਆ ਬਹਾਲੀ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਅਤੇ ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਇਸ ਪਟੀਸ਼ਨ ਬਾਰੇ ਜਵਾਬ ਤਲਬ ਕਰ ਲਿਆ ਹੈ।

ਪਰਮਿੰਦਰ ਸਿੰਘ ਪਿੰਕੀ ਨੇ ਪਟੀਸ਼ਨ ਵਿੱਚ ਕਿਹਾ ਹੈ ਕਿ ਉਹ ਕਾਲੇ ਦੌਰ ਵੇਲੇ ਤੋਂ ਵੱਖਵਾਦੀਆਂ ਦੇ ਵਿਰੋਧੀ ਰਹੇ ਹਨ ਤੇ ਉਨ੍ਹਾਂ ਦੀ ਨੇੜਤਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਤੇ ਸਾਬਕਾ ਵਿਧਾਇਕ ਗੁਰਕੀਰਤ ਸਿੰਘ ਨਾਲ ਹੈ। ਪਿੰਕੀ ਨੇ ਕਿਹਾ ਕਿ ਇਸ ਲਈ ਉਹ ਵੱਖਵਾਦੀਆਂ ਦੇ ਨਿਸ਼ਾਨੇ ਉੱਤੇ ਰਹੇ ਹਨ ਅਤੇ ਖੁਫੀਆ ਏਜੰਸੀਆਂ ਦੀ ਰਿਪੋਰਟ ਵੀ ਇਹੋ ਹੈ ਕਿ ਵੱਖਵਾਦੀ ਉਨ੍ਹਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਪਿੰਕੀ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ 'ਵਾਈ' ਸੁਰੱਖਿਆ ਦਿੱਤੀ ਹੋਈ ਸੀ ਪਰ ਪਿਛਲੇ ਦਿਨੀਂ ਸੁਰੱਖਿਆ ਵਿੱਚ ਕਟੌਤੀ ਕਰ ਦਿੱਤੀ ਗਈ।ਪਿੰਕੀ ਨੇ ਸੁਰੱਖਿਆ ਬਹਾਲੀ ਤੇ ਸੁਰੱਖਿਆ ਸਬੰਧੀ ਕੇਂਦਰ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਦੀ ਮੰਗ ਕੀਤੀ ਹੈ। ਵਰਨਣ ਯੋਗ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਬੀਤੇ ਦੋ ਮਹੀਨਿਆਂ ਵਿੱਚ ਦੋ ਪੰਜਾਬ ਦੇ ਕਈ ਵੀਆਈਪੀਜ਼ ਦੀ ਸੁਰੱਖਿਆ ਵਿੱਚ ਵੱਡੇ ਪੱਧਰ ਉੱਤੇ ਕਟੌਤੀ ਕਰ ਕੇ ਸੁਰੱਖਿਆ ਕਾਮੇ ਵਾਪਸ ਬੁਲਾ ਲਏ ਸਨ ਤੇ ਨਾਲ ਸੁਰੱਖਿਆ ਵਿੱਚ ਲੱਗੇ ਵਾਹਨ ਵੀ ਵਾਪਸ ਬੁਲਾਏ ਗਏ ਸਨ, ਜਿਨ੍ਹਾਂ ਵਿੱਚ ਪਿੰਕੀ ਦੀ ਸੁਰੱਖਿਆ ਵਿੱਚ ਕਟੌਤੀ ਸ਼ਾਮਲ ਸੀ।

# ਥਾਣਾ ਬਾਘਾਪੁਰਾਣਾ ਵਿੱਚ ਹਵਾਲਾਤੀ ਵੱਲੋਂ ਫਾਹਾ ਲੈ ਕੇ ਖ਼ੁਦਕੁਸ਼ੀ

ਮੋਗਾ, 18 ਮਈ (ਪੋਸਟ ਬਿਊਰੋ)- ਇੱਥੇ ਥਾਣਾ ਬਾਘਾਪੁਰਾਣਾ ਦੀ ਹਵਾਲਾਤ ਵਿੱਚ ਪੈਟਰੋਲ ਪੰਪ ਤੋਂ ਲੁੱਟ-ਖੋਹ ਦੇ ਦੋਸ਼ ਹੇਠ ਬੰਦ ਨੌਜਵਾਨ ਨੇ ਪੁਲਸ ਰਿਮਾਂਡ ਦੌਰਾਨ ਹਵਾਲਾਤ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਇਹ ਸਾਰੀ ਘਟਨਾ ਥਾਣੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਵੀ ਕੈਦ ਹੋ ਗਈ ਹੈ।

ਪਤਾ ਲੱਗਾ ਹੈ ਕਿ ਦਸੰਬਰ 2021 ਵਿੱਚ ਥਾਣਾ ਬਾਘਾਪੁਰਾਣਾ ਦੇ ਪਿੰਡ ਨੱਥੋਕੇ ਦੇ ਇੱਕ ਪੈਟਰੋਲ ਪੰਪ ਉੱਤੇ 17 ਹਜ਼ਾਰ ਰੁਪਏ ਦੀ ਲੁੱਟ ਦੇ ਕੇਸ ਵਿੱਚ ਮੱਖਣ ਸਿੰਘ ਪਿੰਡ ਮਾਣੂਕੇ ਸੰਧੂਆਂ (ਜਗਰਾਓਂ) ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਕੋਲੋਂ ਪੜਤਾਲ ਲਈ ਪੁਲਸ ਨੇ ਅਦਾਲਤ ਤੋਂ ਦੋ ਰੋਜ਼ਾ ਪੁਲਸ ਰਿਮਾਂਡ ਲਿਆ ਸੀ ਅਤੇ ਕੱਲ੍ਹ ਮੁੜ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ,ਪਰ ਉਸ ਨੇ ਸਵੇਰੇ ਕਰੀਬ ਸਾਢੇ ਪੰਜ ਵਜੇ ਹਵਾਲਾਤ ਵਿਚਲੇ ਬਾਥਰੂਮ ਵਿੱਚ ਆਪਣੀ ਬੁਨੈਣ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਸ ਦੀ ਜਾਣਕਾਰੀ ਹਵਾਲਾਤ ਵਿੱਚ ਬੰਦ ਇੱਕ ਹੋਰ ਦੋਸ਼ੀ ਨੇ ਪੁਲਸ ਨੂੰ ਦਿੱਤੀ।ਪੁਲਸ ਮੁਲਾਜ਼ਮਾਂ ਨੇ ਉਸ ਨੂੰ ਬਚਾਉਣ ਲਈ ਪਹਿਲਾਂ ਬਾਘਾਪੁਰਾਣਾ ਹਸਪਤਾਲ ਤੇ ਫਿਰ ਫਰੀਦਕੋਟ ਲਿਆਂਦਾ ਸੀ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਨਸ਼ੇ ਦਾ ਆਦੀ ਸੀ ਅਤੇ ਉਸ ਉੱਤੇ ਪੰਜ ਕੇਸ ਸਨ। ਲਾਪਰਵਾਹੀ ਲਈ ਡਿਊਟੀ ਉਤੇ ਤੈਨਾਤ ਸੰਤਰੀ ਤੇ ਮੁਨਸ਼ੀ ਖਿਲਾਫ ਵਿਭਾਗੀ ਕਾਰਵਾਈ ਦਾ ਹੁਕਮ ਦਿੱਤਾ ਗਿਆ ਹੈ।

# ਝਗੜੇ ਵਿੱਚ ਏ ਐਸ ਆਈ ਦੀ ਗੋਲੀ ਨਾਲ ਇੱਕ ਜਣੇ ਦੀ ਮੌਤ

ਤਲਵੰਡੀ ਚੌਧਰੀਆਂ, 18 ਮਈ (ਪੋਸਟ ਬਿਊਰੋ)- ਕੱਲ੍ਹ ਬਾਅਦ ਦੁਪਹਿਰ ਪਿੰਡ ਦੀ ਗਲੀ ਵਿੱਚ ਬਣਦੇ ਮਕਾਨ ਦੀ ਪੈਡ ਬਾਰੇ ਹੋਈ ਮਾਮੂਲੀ ਤਕਰਾਰ ਨੇ ਖ਼ੂਨੀ ਰੂਪ ਧਾਰ ਲਿਆ ਤੇ ਇੱਕ ਧਿਰ ਵੱਲੋਂ ਚਲਾਈ ਗੋਲੀ ਨਾਲ ਇੱਕ ਆਦਮੀ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਜਾਂਚ ਪੜਤਾਲ ਕਰ ਰਹੀ ਹੈ।

ਮਿਲੇ ਵੇਰਵੇ ਅਨੁਸਾਰ ਸੁਖਵਿੰਦਰ ਸਿੰਘ ਵੱਲੋਂ ਬਣਾਏ ਜਾ ਰਹੇ ਮਕਾਨ ਲਈ ਗਲੀ ਵਿੱਚ ਪੈਡ ਕੀਤੀ ਹੋਈ ਸੀ ਤੇ ਮਿਸਤਰੀ ਕੰਮ ਕਰ ਰਹੇ ਸਨ। ਓਦੋਂ ਏ ਐਸ ਆਈ ਹਰਦੇਵ ਸਿੰਘ, ਜੋ ਨੇੜਲੇ ਮਕਾਨ ਵਿੱਚ ਰਹਿੰਦਾ ਹੈ, ਆਪਣੀ ਕਾਰ ਉੱਤੇ ਆਇਆ ਤੇ ਗੁਆਂਢੀਆਂ ਨੂੰ ਪੈਡ ਹਟਾਉਣ ਲਈ ਮਾੜਾ ਚੰਗਾ ਕਹਿਣਾ ਲੱਗ ਪਿਆ। ਗੁਆਂਢੀਆਂ ਨੇ ਕਿਹਾ ਕਿ ਕੱਲ੍ਹ ਸ਼ਾਮ ਤਕ ਕੰਮ ਖ਼ਤਮ ਹੋ ਜਾਵੇਗਾ ਤੇ ਰਸਤਾ ਸਾਫ਼ ਕਰ ਦੇਵਾਂਗੇ, ਪਰ ਹਰਦੇਵ ਸਿੰਘ ਨੇ ਉਨ੍ਹਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਸੁਖਵਿੰਦਰ ਸਿੰਘ ਦੀ ਪਤਨੀ ਹਰਦੇਵ ਸਿੰਘ ਨੂੰ ਗੱਲਬਾਤ ਨਾਲ ਸਮਝਾ ਰਹੀ ਸੀ ਤਾਂ ਇੰਨੇ ਨੂੰ ਉਸ ਦੇ ਨਾਲ ਦੇ ਘਰ ਰਹਿੰਦਾ ਜਸਬੀਰ ਸਿੰਘ ਬਾਹਰ ਆਇਆ ਤੇ ਆਪਣੀ ਭਰਜਾਈ ਨੂੰ ਸਮਝਾਉਣ ਲੱਗ ਪਿਆ। ਇੰਨੇ ਨੂੰ ਹਰਦੇਵ ਸਿੰਘ ਆਪਣੇ ਘਰ ਅੰਦਰ ਗਿਆ ਤੇ ਦੋਨਾਲੀ ਲਿਆ ਕੇ ਜਸਬੀਰ ਸਿੰਘ ਵੱਲ ਦੋ ਫਾਇਰ ਕਰ ਦਿੱਤੇ, ਜਿਸ ਨੂੰ ਗੰਭੀਰ ਹਾਲਤ ਵਿੱਚ ਸੁਲਤਾਨਪੁਰ ਲੋਧੀ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈਫ਼ਰ ਕਰ ਦਿੱਤਾ ਤੇ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ।

# ਮੰਡੀ ਦੀ ਖੇਡ ਕਾਰਨ ਖੁਰਾਕ ਸੰਕਟ ਹੋਇਆ ਡੂੰਘਾ

4 ਮਈ ਨੂੰ ਜਦੋਂ ਸੰਯੁਕਤ ਰਾਸ਼ਟਰ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫ.ਏ.ਓ.) ਦੇ ਡਾਇਰੈਕਟਰ-ਜਨਰਲ ਡਾ. ਕਿਊ ਡੋਂਗਯੂ ਨੇ ਕਿਹਾ ਕਿ ਇਸ ਸਮੇਂ ਦੁਨੀਆ ਦੇ ਰਿਕਾਰਡ 193 ਮਿਲੀਅਨ ਲੋਕ ਭੁੱਖਮਰੀ ਅਤੇ ਭੋਜਨ ਦੀ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ, ਤਾਂ ਸਥਿਤੀ ਦਾ ਪਤਾ ਹੈ। ਬਿਨਾਂ ਸ਼ੱਕ, ਇਹ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਇਸ ਪਾਸੇ ਖਿੱਚਣ ਦੀ ਕੋਸ਼ਿਸ਼ ਸੀ ਕਿ ਕਿਵੇਂ ਹਾਲੀਆ ਸੰਕਟ ਨੇ ਪਿੰਡਾਂ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਤਬਾਹ ਕਰ ਦਿੱਤਾ ਹੈ ਅਤੇ ਵੱਡੀ ਆਬਾਦੀ ਨੂੰ ਭੁੱਖਮਰੀ ਦੀ ਰੇਖਾ ਤੋਂ ਹੇਠਾਂ ਧੱਕ ਦਿੱਤਾ ਹੈ। ਤੱਥ ਦਰਸਾਉਂਦੇ ਹਨ ਕਿ ਵਿਸ਼ਵ ਇਸ ਸੰਕਟ ਦੇ ਪੰਜੇ ਵਿਚ ਫਸਿਆ ਹੋਇਆ ਹੈ ਜਿਸ ਨੂੰ ਤੀਜਾ ਵਿਸ਼ਵ ਖੁਰਾਕ ਸੰਕਟ ਕਿਹਾ ਜਾਂਦਾ ਹੈ।

ਇੰਟਰਨੈਸ਼ਨਲ ਐਕਸਪਰਟ ਪੈਨਲ ਆਨ ਸਸਟੇਨੇਬਲ ਫੂਡ ਸਿਸਟਮ (ਆਈ.ਪੀ.ਈ.ਐੱਸ.-ਫੂਡ) ਨੇ 'ਇਕ ਹੋਰ ਸੰਪੂਰਨ ਤੂਫਾਨ' ਸਿਰਲੇਖ ਵਾਲੀ ਇਕ ਵਿਸ਼ੇਸ਼ ਰਿਪੋਰਟ ਵਿਚ ਯੂਕਰੇਨ 'ਤੇ ਰੂਸੀ ਹਮਲੇ ਤੋਂ ਬਾਅਦ ਪੈਦਾ ਹੋਏ ਗੰਭੀਰ ਭੋਜਨ ਸੰਕਟ 'ਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਇਸ ਸਵਾਲ ਦਾ ਵੀ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਵੇਂ ਖੁਰਾਕ ਸੁਰੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਨ ਵਿੱਚ ਅਸਫਲਤਾ ਨੇ ਪਿਛਲੇ 15 ਸਾਲਾਂ ਵਿੱਚ ਤਿੰਨ ਵਿਸ਼ਵਵਿਆਪੀ ਖੁਰਾਕ ਸੰਕਟਾਂ ਨੂੰ ਜਨਮ ਦਿੱਤਾ ਹੈ। 2007-08 ਵਿੱਚ, ਜਦੋਂ ਪਹਿਲੀ ਵਾਰ ਵਿਸ਼ਵਵਿਆਪੀ ਖੁਰਾਕ ਸੰਕਟ ਸੀ, ਉਹ ਵੀ ਅਜਿਹੇ ਸਮੇਂ ਵਿੱਚ ਜਦੋਂ ਵਿਸ਼ਵਵਿਆਪੀ ਭੋਜਨ ਉਤਪਾਦਨ ਵਿੱਚ ਕੋਈ ਕਮੀ ਨਹੀਂ ਆਈ ਸੀ। ਜਿਸ ਵਿੱਚ 37 ਮੁਲਕਾਂ ਨੂੰ ਅਨਾਜ ਨੂੰ ਲੈ ਕੇ ਦੰਗੇ ਝੱਲਣੇ ਪਏ ਪਰ ਉਦੋਂ ਤੋਂ ਦੁਨੀਆਂ ਨੇ ਕੋਈ ਸਬਕ ਨਹੀਂ ਸਿੱਖਿਆ।

ਯੂਕਰੇਨ-ਰੂਸ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ, ਭੋਜਨ ਦੀਆਂ ਕੀਮਤਾਂ ਨਵੇਂ ਉੱਚੇ ਪੱਧਰ 'ਤੇ ਪਹੁੰਚ ਗਈਆਂ, 2007-08 ਦੇ ਭੋਜਨ ਸੰਕਟ ਤੋਂ ਬਾਅਦ ਸਭ ਤੋਂ ਉੱਚਾ ਪੱਧਰ। ਦਾ ਫੂਡ ਪ੍ਰਾਈਸ ਇੰਡੈਕਸ ਇਸ ਸਾਲ ਫਰਵਰੀ ਵਿੱਚ 140.7 ਅੰਕ ਹੋ ਗਿਆ, ਜੋ ਪਿਛਲੇ ਸਾਲ ਨਾਲੋਂ 20.7 ਅੰਕ ਵੱਧ ਹੈ। ਮੱਕੀ, ਦਾਲਾਂ, ਖਾਣ ਵਾਲੇ ਤੇਲ, ਕਪਾਹ, ਸੋਇਆਬੀਨ, ਖੰਡ ਆਦਿ ਦੇ ਭਾਅ ਵਧਣ ਲੱਗੇ ਹਨ। ਦੂਜੇ ਸ਼ਬਦਾਂ ਵਿਚ, ਯੁੱਧ ਤੋਂ ਪਹਿਲਾਂ ਹੀ, ਵਿਸ਼ਵ ਤੇਜ਼ੀ ਨਾਲ ਭੋਜਨ ਸੰਕਟ ਵੱਲ ਵਧ ਰਿਹਾ ਸੀ, ਭੋਜਨ ਦੀਆਂ ਕੀਮਤਾਂ ਰਿਕਾਰਡ ਉੱਚੀਆਂ ਨੂੰ ਛੂਹ ਰਹੀਆਂ ਸਨ। ਬਦਕਿਸਮਤੀ ਨਾਲ, ਇਹ ਉਹ ਕਾਰਕ ਹਨ ਜਿਨ੍ਹਾਂ ਨੇ ਪਹਿਲਾ ਵਿਸ਼ਵਵਿਆਪੀ ਭੋਜਨ ਸੰਕਟ ਪੈਦਾ ਕੀਤਾ, ਅਤੇ ਢਾਂਚਾਗਤ ਸੁਧਾਰਾਂ ਵਿੱਚ ਇਹਨਾਂ ਨੂੰ ਹੱਲ ਕਰਨ ਵਿੱਚ ਅਸਫਲਤਾ ਨੇ ਇੱਕ ਵਾਰ ਫਿਰ ਸੰਕਟ ਪੈਦਾ ਕਰ ਦਿੱਤਾ ਹੈ।

ਆਈਪੀਈਐਸ-ਫੂਡ ਦੀ ਕੋ-ਚੇਅਰ ਜੈਨੀਫਰ ਕਲੈਪ ਨੇ ਕਿਹਾ, 'ਨਵੀਂ ਪੀੜ੍ਹੀ ਇੱਕ ਵਾਰ ਫਿਰ ਵੱਧ ਰਹੀ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਹੀ ਹੈ ਅਤੇ ਲੱਗਦਾ ਹੈ ਕਿ ਉਸ



ਨੇ ਪਿਛਲੇ ਭੋਜਨ ਸੰਕਟਾਂ ਤੋਂ ਕੁਝ ਨਹੀਂ ਸਿੱਖਿਆ ਹੈ'। ਉਸ ਨੇ ਅੱਗੇ ਕਿਹਾ: 'ਸਬੂਤ ਦੱਸਦੇ ਹਨ ਕਿ ਵਿੱਤੀ ਸੱਟੇਬਾਜ਼ ਵਸਤੂਆਂ ਦੇ ਨਿਵੇਸ਼ ਦੇ ਕਾਰੋਬਾਰ ਵਿੱਚ ਕੁੱਦ ਰਹੇ ਹਨ ਅਤੇ ਭੋਜਨ ਦੀਆਂ ਵਧਦੀਆਂ ਕੀਮਤਾਂ 'ਤੇ ਜੂਆ ਖੇਡ ਰਹੇ ਹਨ ਅਤੇ ਇਸ ਐਕਟ ਨੇ ਦੁਨੀਆ ਦੇ ਸਭ ਤੋਂ ਗਰੀਬ ਲੋਕਾਂ ਨੂੰ ਭੁੱਖਮਰੀ ਦੀ ਦਲਦਲ ਵਿੱਚ ਧੱਕ ਦਿੱਤਾ ਹੈ।' 7 ਸੰਗਠਨ ਦੇ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਵਿੱਚ ਸ. ਭਵਿੱਖ ਦੀ ਮਾਰਕੀਟ ਨਿਗਰਾਨੀ ਬਣਾਉਣ ਅਤੇ ਸੱਟੇਬਾਜ਼ੀ ਦੇ ਰੁਝਾਨ ਦੇ ਵਿਰੁੱਧ ਲੜਨ ਦੀ ਗੱਲ ਕੀਤੀ ਗਈ ਸੀ, ਪਰ ਇਹ ਮਤਾ ਇਸ ਨੂੰ ਸੀਮਤ ਨਹੀਂ ਕਰ ਸਕਿਆ, ਵਸਤੂਆਂ ਦੀਆਂ ਕੀਮਤਾਂ ਵਿੱਚ ਅਟਕਲਾਂ 'ਤੇ ਪਾਬੰਦੀ ਲਗਾਉਣ ਤੋਂ ਦੂਰ।

ਜਦੋਂ 2007-08 ਦਾ ਭੋਜਨ ਸੰਕਟ ਸ਼ੁਰੂ ਹੋਇਆ, ਤਾਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੂੰ ਦੱਸਿਆ ਗਿਆ ਕਿ ਬਹੁਤ ਜ਼ਿਆਦਾ ਵਸਤੂਆਂ ਦਾ ਵਪਾਰ ਅਤੇ ਅਟਕਲਾਂ ਅੰਤਰਰਾਸ਼ਟਰੀ ਕੀਮਤਾਂ ਨੂੰ ਚਲਾ ਰਹੇ ਹਨ। ਇਸ ਤਰ੍ਹਾਂ ਘੱਟੋ-ਘੱਟ 75 ਫੀਸਦੀ ਸੰਕਟ ਫਿਊਚਰਜ਼ ਮਾਰਕੀਟ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਅਮਰੀਕਾ ਦੇ ਪ੍ਰਸਿੱਧ ਟੈਲੀਵਿਜ਼ਨ ਚੈਨਲ 'ਡੈਮੋਕਰੇਸੀ ਨਾਓ' 'ਤੇ ਪ੍ਰਸਾਰਿਤ ਇਕ ਵਿਸਤ੍ਰਿਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿੱਥੇ ਦੁਨੀਆ ਵਿਚ ਕਰੋੜਾਂ ਲੋਕ ਭੁੱਖੇ ਸੌਣ ਲਈ ਮਜਬੂਰ ਹਨ, ਉਥੇ ਹੀ ਸੱਟੇਬਾਜ਼ੀ ਨੇ ਖੇਤੀ ਉਤਪਾਦ ਕੰਪਨੀਆਂ ਨੂੰ ਭਾਰੀ ਮੁਨਾਫਾ ਪਹੁੰਚਾਇਆ ਹੈ। ਗਲੋਬਲ ਭੋਜਨ ਉਤਪਾਦਨ ਵਿੱਚ ਕੋਈ ਗਿਰਾਵਟ ਨਹੀਂ ਆਈ ਹੈ, ਫਿਰ ਵੀ ਭੋਜਨ ਦੀਆਂ ਕੀਮਤਾਂ ਉੱਚੀਆਂ ਹਨ। ਸਾਰੀਆਂ ਵੱਡੀਆਂ ਫੂਡ ਕੰਪਨੀਆਂ ਭਾਰੀ ਮੁਨਾਫਾ ਕਮਾ ਰਹੀਆਂ ਹਨ।

'ਦਿ ਵਾਇਰ' ਨਿਊਜ਼ ਚੈਨਲ 'ਤੇ 6 ਮਈ, 2022 ਨੂੰ 'ਲਾਈਟਹਾਊਸ ਰਿਪੋਰਟਸ' ਨਾਮਕ ਇੱਕ ਗੈਰ-ਮੁਨਾਫ਼ਾ ਸੰਗਠਨ ਦੁਆਰਾ ਇੱਕ ਹੋਰ ਖੋਜੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਸਤੂਆਂ ਦੀਆਂ ਵਪਾਰਕ ਕੰਪਨੀਆਂ ਅਤੇ ਨਿਵੇਸ਼ ਫੰਡਾਂ ਨੇ ਭੋਜਨ ਦੀਆਂ ਕੀਮਤਾਂ ਵਿੱਚ ਉਛਾਲ ਵਿੱਚ ਯੋਗਦਾਨ ਪਾਇਆ ਹੈ।

ਬਹੁਤ ਸਾਰੇ ਉਦਯੋਗਾਂ ਵਿੱਚ, ਮਾਰਕੀਟ ਨੂੰ ਕੁਝ ਵੱਡੀਆਂ ਕੰਪਨੀਆਂ ਦੁਆਰਾ ਕਬਜ਼ਾ ਕੀਤਾ ਜਾਂਦਾ ਹੈ. ਅਕਸਰ ਉਹ ਛੋਟੀਆਂ ਕੰਪਨੀਆਂ ਨੂੰ ਨਿਚੋੜਨ ਅਤੇ ਨਵੇਂ-ਯੁੱਗ ਦੇ ਉੱਦਮੀਆਂ ਦਾ ਸਫਾਇਆ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕਰਦੇ ਹਨ। ਇਹ ਕਾਰਵਾਈ ਨਾ ਸਿਰਫ਼ ਸਾਡੀ ਆਰਥਿਕਤਾ ਨੂੰ ਘੱਟ ਗਤੀਸ਼ੀਲ ਬਣਾ ਰਹੀ ਹੈ, ਸਗੋਂ ਲੋੜੀਂਦੇ ਭਾਅ ਵਧਾਉਣ, ਵਿਕਲਪਾਂ ਨੂੰ ਘਟਾਉਣ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਆਜ਼ਾਦੀ ਵੀ ਪ੍ਰਾਪਤ ਕਰ ਰਹੀ ਹੈ। ਉਨ੍ਹਾਂ ਪਸ਼ੂ ਪਾਲਣ ਉਦਯੋਗ ਦੀ ਉਦਾਹਰਣ ਦਿੱਤੀ ਕਿ ਕਿਸ ਤਰ੍ਹਾਂ ਇਸ ਦਾ ਲਗਭਗ ਸਾਰਾ ਹਿੱਸਾ ਸਿਰਫ਼ ਚਾਰ ਵੱਡੀਆਂ ਕੰਪਨੀਆਂ ਦੇ ਹੱਥਾਂ ਵਿੱਚ ਰਹਿ ਗਿਆ ਹੈ, ਜੋ ਆਪਣੀ ਮਰਜ਼ੀ ਨਾਲ ਬਾਜ਼ਾਰੀ ਕੀਮਤ ਤੈਅ ਕਰਦੀਆਂ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਲਾਗਤ-ਅਪਰਾਧ ਬਾਰੇ ਕੋਈ ਹੰਗਾਮਾ ਨਹੀਂ ਹੋਇਆ।

ਜਦੋਂ ਕਿ ਵਸਤੂਆਂ ਦੇ ਵਪਾਰਕ ਗਤੀਵਿਧੀਆਂ ਵਿੱਚ ਨਿਵੇਸ਼ ਕਰਨ ਵਾਲੇ ਫੰਡਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, 10 ਵਿੱਚੋਂ ਘੱਟੋ-ਘੱਟ 7 ਜਿਨ੍ਹਾਂ ਨੇ ਕਣਕ ਦੀ ਕੰਟਰੈਕਟ ਫਾਰਮਿੰਗ ਕਰਵਾ ਕੇ ਫਿਊਚਰਜ਼ ਵਪਾਰ ਵਿੱਚ ਨਿਵੇਸ਼ ਕੀਤਾ ਸੀ, ਉਹ ਸੱਟੇਬਾਜ਼ ਸਨ। ਇਸ ਨਾਲ ਵਸਤੂ ਦਾ ਮੁੱਲ ਵਧਦਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵਿਸ਼ਵ ਬੈਂਕ ਦੇ ਅਨੁਸਾਰ, ਖੇਤੀਬਾੜੀ ਮੁੱਲ ਸੂਚਕ ਅੰਕ ਪਹਿਲਾਂ ਹੀ ਪਿਛਲੇ ਸਾਲ ਦੀਆਂ ਕੀਮਤਾਂ ਦੇ ਮੁਕਾਬਲੇ 41 ਪ੍ਰਤੀਸ਼ਤ ਵੱਧ ਗਿਆ ਹੈ। ਕਣਕ ਦੀ ਕੀਮਤ 60 ਫੀਸਦੀ ਅਤੇ ਮੱਕੀ ਦੀ ਕੀਮਤ 54 ਫੀਸਦੀ ਵਧੀ ਹੈ।

ਭਾਵੇਂ ਇਹ ਨਿਸ਼ਾਨੀ ਖੁਰਾਕ ਦੀਆਂ ਵਧਦੀਆਂ ਕੀਮਤਾਂ ਅਤੇ ਅਟਕਲਾਂ ਵਿਚਕਾਰ ਸਿੱਧੇ ਸਬੰਧ ਦਾ ਸੰਕੇਤ ਨਹੀਂ ਹੈ, ਪਰ ਇਹ ਭਾਰਤ ਵਿੱਚ ਵਧ ਰਹੇ ਵਪਾਰਕ ਹਿੱਤਾਂ ਨੂੰ ਦਰਸਾਉਂਦਾ ਹੈ। ਉਦਾਹਰਨ ਲਈ ਵੱਧ ਤੋਂ ਵੱਧ ਕਣਕ ਦੀ ਬਰਾਮਦ ਕਰਨਾ। ਬੇਸ਼ੱਕ ਕਾਰੋਬਾਰੀ ਜਗਤ ਇਹ ਚਾਹੇਗਾ ਕਿ ਇਸ ਨੂੰ ਖੁੱਲ੍ਹ ਕੇ ਨਿਰਯਾਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਉਹ ਆਪਣਾ ਮੁਨਾਫਾ ਵਧਦਾ ਦੇਖ ਰਹੇ ਹਨ, ਇਸ ਦੇ ਹੋਰ ਵਧਣ ਦੀ ਉਮੀਦ ਹੈ।

ਆਲਮੀ ਖੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਨੇ ਗਰੀਬ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ ਅਤੇ ਸਹੀ ਸਮੇਂ 'ਤੇ ਦਰਾਮਦਾਂ ਨੂੰ ਮਹਿੰਗਾ ਕਰ ਦਿੱਤਾ ਹੈ। ਪਹਿਲਾਂ ਹੀ, 53 ਦੇਸ਼ਾਂ ਵਿੱਚ ਗਰੀਬ - ਸੂਡਾਨ ਤੋਂ ਅਫਗਾਨਿਸਤਾਨ ਤੱਕ - ਬਹੁਤ ਜ਼ਿਆਦਾ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ। ਨੇ ਕਿਹਾ ਹੈ: 'ਇਹ ਭੁੱਖ ਹੈ, ਜੋ ਕਾਲ ਵਿੱਚ ਬਦਲਣ ਦਾ ਖ਼ਤਰਾ ਹੈ ਅਤੇ ਬਹੁਤ ਵੱਡੇ ਪੱਧਰ 'ਤੇ ਮੌਤਾਂ ਹੋਣ ਦੀ ਸੰਭਾਵਨਾ ਹੈ'।

ਸਾਲਾਂ ਦੌਰਾਨ, ਕੁਝ ਦੇਸ਼ਾਂ ਵਿੱਚ ਲਗਾਤਾਰ ਸੰਘਰਸ਼ ਦੇ ਬਾਵਜੂਦ, ਦੂਜੇ ਦੇਸ਼ਾਂ ਨੂੰ ਉਹਨਾਂ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਅੰਤਰਰਾਸ਼ਟਰੀ ਯਤਨ ਕਾਫੀ ਨਹੀਂ ਹੋਏ ਹਨ। ਇਸੇ ਤਰ੍ਹਾਂ, ਖੇਤਰੀ ਐਮਰਜੈਂਸੀ ਫੂਡ ਸਟੋਰ ਬਣਾਉਣਾ ਪੈਦਾਵਾਰ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਕੰਮ ਨਹੀਂ ਕੀਤਾ।

ਜਦੋਂ ਕਿ ਭੋਜਨ ਦੀਆਂ ਵਧਦੀਆਂ ਕੀਮਤਾਂ ਨੂੰ ਅਕਸਰ ਖੂਨੀ ਲੜਾਈਆਂ, ਵਾਤਾਵਰਨ ਤਬਦੀਲੀਆਂ, ਗਰੀਬੀ ਅਤੇ ਆਰਥਿਕ ਸਦਮੇ (ਸੱਟੇਬਾਜ਼ਾਂ ਦੇ ਫਿਊਚਰਜ਼ ਵਪਾਰ ਤੋਂ) ਦੇ ਮਿਸ਼ਰਣ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਇੱਕ ਅਜਿਹੀ ਸਮੱਗਰੀ ਜਿਸ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਭੋਜਨ ਦੇ ਆਯਾਤ 'ਤੇ ਜ਼ਿਆਦਾ ਨਿਰਭਰਤਾ ਹੈ। ਉਦਾਹਰਣ ਵਜੋਂ, ਰੂਸ-ਯੂਕਰੇਨ ਖੇਤਰ 30 ਦੇਸ਼ਾਂ ਨੂੰ ਕਣਕ ਨਿਰਯਾਤ ਕਰਦਾ ਹੈ ਅਤੇ ਇਹਨਾਂ ਵਿੱਚੋਂ ਬਹੁਤ ਸਾਰੇ ਭੋਜਨ ਦਰਾਮਦ ਕਰਨ ਵਾਲੇ ਦੇਸ਼ ਜੇ ਉਹ ਚਾਹੁਣ ਤਾਂ ਆਪਣੇ ਆਪ ਨੂੰ ਭੋਜਨ ਵਿੱਚ ਆਤਮਨਿਰਭਰ ਬਣਾ ਸਕਦੇ ਹਨ। ਇੱਥੇ ਇੱਕ ਸਬਕ ਵੀ ਹੈ.

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ।*

# ਪੰਜਾਬ ਦੇ ਵਜੂਦ ਦਾ ਸੰਕਟ : ਕੀ ਕਰਨਾ ਲੋੜੀਏ

ਦੇਵੇਂਦਰ ਪਾਲ

ਗੁਰਬਾਣੀ ਦੇ ਫਰਮਾਨ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਵਿੱਚ ਆਸਥਾ ਰੱਖਣ ਵਾਲੇ ਪੰਜਾਬੀਆਂ ਲਈ ਵਿਗਿਆਨੀਆਂ ਨੇ ਦੋ ਸਾਲ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਸੀ ਕਿ 2025 ਤੱਕ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸਰੋਤ ਸੁੱਕ ਜਾਣਗੇ ਤੇ ਅਗਲੇ ਕੁਝ ਸਾਲਾਂ ਵਿੱਚ ਪੰਜਾਬ ਰੇਗਿਸਤਾਨ ਵਿੱਚ ਬਦਲ ਜਾਵੇਗਾ। ਇਸ ਚਿਤਾਵਨੀ ਵੱਲ ਨਾ ਕਿਸੇ ਸ਼ਾਸਤ-ਸੰਗਤ ਨੇ ਧਿਆਨ ਦਿੱਤਾ ਤੇ ਨਾ ਕਿਸੇ ਸ਼ਾਸਕ-ਸਰਕਾਰ ਨੇ। ਸਮੱਸਿਆ ਵੱਲ ਧਿਆਨ ਨਾ ਦਿੱਤਾ ਜਾਵੇ ਤਾਂ ਸੰਕਟ ਦਾ ਰੂਪ ਧਾਰ ਲੈਂਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਿਰ ਜੋ ਅਨੇਕਾਂ ਸੰਕਟ ਦੋ-ਧਾਰੀ ਤਲਵਾਰ ਬਣੇ ਲਮਕ ਰਹੇ ਨੇ, ਉਨ੍ਹਾਂ ਵਿੱਚੋਂ ਪਾਣੀ ਦਾ ਸੰਕਟ ਸਭ ਤੋਂ ਵੱਡੀ ਚੁਣੌਤੀ ਹੈ। ਪਾਣੀ ਸਾਰੀ ਸ੍ਰਿਸ਼ਟੀ ਨੂੰ ਜੀਵਨ ਦੇਣ ਵਾਲਾ ਐਸਾ ਤੱਤ ਹੈ, ਜਿਸ ਨਾਲ ਜੀਵ-ਜੰਤੂਆਂ, ਬਨਸਪਤੀ ਆਦਿ ਵਿੱਚ ਜੀਵਨ ਦੀ ਰੌਂਅ ਚੱਲਦੀ ਰਹਿੰਦੀ ਹੈ ਅਤੇ ਪਾਣੀ ਦੀ ਅਣਹੋਂਦ ਵਿੱਚ ਸੰਭਵ ਨਹੀਂ ਹੋ ਸਕਦੀ। ਮਾਨ ਸਰਕਾਰ ਇਹ ਗੱਲ ਜਿੰਨੀ ਜਲਦੀ ਸਮਝੇ, ਚੰਗਾ ਹੈ ਕਿ ਪਾਣੀ ਦੀ ਅਣਹੋਂਦ ਕੰਢੇ ਪਹੁੰਚ ਚੁੱਕੇ ਪੰਜਾਬ ਦੇ ਲੋਕਾਂ ਦਾ ਵਜੂਦ ਬਚਾਉਣ ਦਾ ਟੀਚਾ ਪਹਿਲੇ ਸਥਾਨ ਉਤੇ ਮਿੱਥ ਕੇ ਹੀ ਪੰਜਾਬ ਦੀ ਸ਼ਾਨ ਬਹਾਲ ਕੀਤੀ ਜਾ ਸਕਦੀ ਹੈ।

ਪੰਜਾਬ ਵਿੱਚ ਇੱਕ ਤਾਂ ਧਰਤੀ ਹੇਠ ਪਾਣੀ ਘਟ ਰਿਹਾ ਹੈ, ਦੂਜਾ ਪਲੀਤ ਹੋ ਰਿਹਾ ਹੈ। ਜਿਨ੍ਹਾਂ ਦਰਿਆਵਾਂ ਨੂੰ ਅਸੀਂ ਪਵਿੱਤਰ ਕਹਿੰਦੇ ਹਾਂ, ਉਨ੍ਹਾਂ ਦਾ ਪਾਣੀ ਪੀਣ ਲਾਇਕ ਨਹੀਂ ਰਿਹਾ। ਸਭ ਖੂਹਾਂ ਸਰੋਵਰਾਂ ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਾ ਹੈ। ਪਾਣੀਆਂ ਨੂੰ ਪਲੀਤ ਕਰਨ ਲਈ ਜਿੰਨੇ ਕੁ ਜ਼ਿੰਮੇਵਾਰ ਪੰਜਾਬ ਦੇ ਕਾਰਖਾਨੇ ਹਨ, ਓਨੀਆਂ ਹੀ ਜ਼ਿੰਮੇਵਾਰ ਉਹ ਸਰਕਾਰਾਂ ਅਤੇ ਵਿਗਿਆਨੀ, ਵਪਾਰੀ ਹਨ, ਜਿਨ੍ਹਾਂ ਨੇ ਹਰੇ ਇਨਕਲਾਬ ਦੇ ਨਾਂਅ ਹੇਠ ਪੰਜਾਬ ਨੂੰ ਪ੍ਰਯੋਗਸ਼ਾਲਾ ਵਾਂਗ ਵਰਤਿਆ ਤੇ ਕਿਸਾਨਾਂ ਨੂੰ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੇ ਚੱਕਰਵਿਊ ਵਿੱਚ ਫਸਾਇਆ। ਇਸ ਪ੍ਰਯੋਗ ਨੇ ਨਾ ਸਿਰਫ ਧਰਤੀ ਹੇਠਲਾ ਪਾਣੀ ਪੀ ਲਿਆ, ਸਗੋਂ ਦਰਿਆ, ਚੋਅ, ਵੇਂਈਆਂ, ਛੱਪੜ, ਢਾਬ, ਡਿੱਗੀਆਂ, ਖੂਹ ਤੇ ਹੋਰ ਸਭ ਕੁਦਰਤੀ ਸੋਮਿਆਂ ਦਾ ਵਜੂਦ ਜਾਂ ਮੇਟ ਦਿੱਤਾ ਜਾਂ ਉਨ੍ਹਾਂ ਵਿੱਚ ਜ਼ਹਿਰ ਘੋਲ ਦਿੱਤਾ ਹੈ। ਪੰਜਾਬ ਅਧੀਨ ਹਿੰਦੋਸਤਾਨ ਦਾ ਡੇਢ ਫੀਸਦੀ ਰਕਬਾ ਹੈ, ਪਰ ਇੱਥੇ ਕੀਟਨਾਸ਼ਕਾਂ ਦੀ ਖਪਤ ਦੇਸ਼ ਵਿੱਚੋਂ 18 ਫੀਸਦੀ ਅਤੇ ਕੈਮੀਕਲ ਖਾਦਾਂ ਦੀ ਵਰਤੋਂ 14 ਫੀਸਦੀ ਹੈ।

ਇਸ ਤੱਥ ਦਾ ਸਭ ਤੋਂ ਦਿਲਚਸਪ ਪੱਖ ਇਹ ਹੈ ਕਿ ਪੰਜਾਬ ਦੇ ਕਰੀਬ 36 ਹਜ਼ਾਰ ਹੈਕਟੇਅਰ ਖੇਤਰ ਵਿੱਚ 10 ਹਜ਼ਾਰ ਮੈਟ੍ਰਿਕ ਟਨ ਜ਼ਹਿਰ ਰਲਾ ਦੇਣ ਦਾ ਪ੍ਰਬੰਧ ਪੰਜਾਬ ਸਰਕਾਰ ਕਰਦੀ ਹੈ। ਏਜੰਸੀ, ਕੋਆਪਰੇਟਿਵ ਸੁਸਾਇਟੀਜ਼ ਤੇ ਰਜਿਸਟਰਡ ਡੀਲਰਾਂ ਨੂੰ ਮਿਲਾ ਕੇ 11990 ਵਿਕਰੀ ਕੇਂਦਰਾਂ ਵਿੱਚੋਂ 270 ਖੇਤੀਬਾੜੀ ਵਿਭਾਗ, 909 ਸਹਿਕਾਰੀ ਅਤੇ 10811 ਪ੍ਰਾਈਵੇਟ ਸੈਕਟਰ ਦੇ ਹਨ। ਅੱਜ ਇੱਕ ਪਾਸੇ ਕਰੀਬ 67 ਕੀਟਨਾਸ਼ਕ, ਜਿਨ੍ਹਾਂ ਦੇ ਵੇਚਣ ਉੱਤੇ ਵੀ ਪਾਬੰਦੀ ਹੈ, ਪੰਜਾਬ ਵਿੱਚ ਧੜਾਧੜ ਵਿਕ ਰਹੇ ਹਨ, ਦੂਜੇ ਪਾਸੇ 'ਮਾਤਾ ਧਰਤਿ' ਦੀ ਛਾਤੀ ਥਾਂ-ਥਾਂ ਤੇ ਵਿੰਨ੍ਹ ਕੇ 16 ਲੱਖ ਟਿਊਬਵੈੱਲ ਅਜੇ ਵੀ ਬਚਿਆ-ਖੁਚਿਆ ਪਾਣੀ ਕੱਢ ਰਹੇ ਹਨ। ਪੰਜਾਬ ਦੇ ਸ਼ਹਿਰਾਂ ਦੇ ਮਲ-ਮੂਤਰ ਸਮੇਤ ਸਾਰੀ ਗੰਦਗੀ ਦਾ ਨਿਕਾਸ ਪ੍ਰਬੰਧ ਵੀ ਅਜਿਹਾ ਹੈ ਕਿ ਸਾਰਾ ਗੰਦ 'ਪਾਣੀ ਪਿਤਾ' ਦੀ ਦੇਹ ਉੱਤੇ ਜਾ ਕੇ ਡਿੱਗਦਾ ਹੈ ਤੇ ਦਰਿਆਵਾਂ ਨੂੰ ਸ਼ਾਸਕਾਂ ਨੇ ਗੰਦ ਢੋਣ ਵਾਲੇ ਨਾਲਿਆਂ ਵਿੱਚ ਬਦਲ ਦਿੱਤਾ ਹੈ। ਜਿਸ ਸਤਲੁਜ ਦੇ ਕੰਢੇ ਦਸ਼ਮੇਸ ਪਿਤਾ ਨੇ ਚਿੜੀਆਂ ਸੰਗ ਬਾਜ਼ ਲੜਾਉਣ ਦੀ ਸਹੁੰ ਖਾਧੀ ਸੀ, ਉਹ ਜਗਰਾਵਾਂ ਤੱਕ ਪਹੁੰਚ ਕੇ ਗਾਰੇ ਦੇ ਵਿਸ਼ਾਲ ਭੰਡਾਰ ਵਿੱਚ ਬਦਲ ਕੇ ਦਮ ਤੋੜ ਗਿਆ ਹੈ। ਪੰਜਾਬ ਦੇ ਸਾਰੇ



ਦਰਿਆਵਾਂ ਦਾ ਲਗਭਗ ਇੱਕੋ ਜਿਹੀ ਤ੍ਰਾਸਦੀ ਵਾਪਰਦੀ ਹੈ।

ਪੰਜਾਬ ਦੇ ਸਰਕਾਰੀ ਜਾਂ ਪ੍ਰਾਈਵੇਟੇ ਕਾਰਖਾਨੇ ਆਪਣਾ ਕੈਮੀਕਲ ਵਾਲਾ ਜ਼ਹਿਰੀਲਾ ਪਾਣੀ ਦਰਿਆਵਾਂ ਵਿੱਚ ਸੁੱਟ ਰਹੇ ਹਨ। ਲੁਧਿਆਣਾ ਸ਼ਹਿਰ ਨੇ ਆਪਣੀ ਗੰਦਗੀ ਤੇ ਰੰਗਾਈ ਦੇ ਕਾਰਖਾਨਿਆਂ ਨੇ ਜ਼ਹਿਰੀਲਾ ਪਾਣੀ ਵਹਾ ਵਹਾ ਕੇ ਬੁੱਢੇ ਦਰਿਆ ਨੂੰ ਬੁੱਢੇ ਨਾਲੇ ਦੀ ਸ਼ਕਲ ਦੇ ਦਿੱਤੀ ਹੈ। ਕ੍ਰੋਮ ਪਲੇਟਿੰਗ ਕਰਨ ਵਾਲੇ ਕਾਰਖਾਨੇ ਆਪਣਾ ਸਾਰਾ ਜ਼ਹਿਰੀਲਾ ਪਾਣੀ ਕਾਰਖਾਨੇ ਅੰਦਰ ਪੁੱਟੇ ਖੂਹਾਂ ਵਿੱਚ ਸੁੱਟਦੇ ਹਨ। ਇਹ ਜ਼ਹਿਰ ਧਰਤੀ ਅੰਦਰਲੇ ਪਾਣੀ ਵਿੱਚ ਘੁਲ ਗਿਆ ਹੈ। ਆਰਸਨਿਕ, ਯੂਰੇਨੀਅਮ ਤੇ ਲੈਡ ਵਰਗੇ ਭਾਰੀ ਧਾਤਾਂ ਵਾਲਾ ਇਹ ਪਾਣੀ, ਜਿਹਨੂੰ ਰਿਵਰਸ ਓਸਮੋਸਿਸ (ੋ) ਦੀ ਮਦਦ ਨਾਲ ਸਾਫ ਨਹੀਂ ਕੀਤਾ ਜਾ ਸਕਦਾ, ਆਮ ਆਦਮੀ ਦੇ ਲਹੂ ਵਿੱਚ ਜ਼ਹਿਰ ਬਣ ਕੇ ਦੌੜਦਾ ਹੈ। ਪੰਜਾਬ ਦੇ 14 ਥਰਮਲ ਪਲਾਂਟਾਂ ਵਿੱਚੋਂ ਕੁੱਲ ਕੋਲੇ ਦੀ 25 ਫੀਸਦੀ ਯੂਰੇਨੀਅਮ ਮਿਲੀ ਸੁਆਹ ਵਾਤਾਵਰਣ ਨੂੰ ਵੱਖ ਪ੍ਰਦੂਸ਼ਿਤ ਕਰ ਰਹੀ ਹੈ।

ਪਾਣੀ ਦੇ ਕੋਲਡ ਡ੍ਰਿੰਕਸ ਦੀ ਸਨਅਤ ਤੇਜ਼ੀ ਨਾਲ ਵਧ ਰਹੀ ਹੈ। ਘਰ ਵਿੱਚ ਛੋਟਾ-ਮੋਟਾ ਫੰਕਸ਼ਨ ਹੋਵੇ, ਵਿਆਹ-ਸ਼ਾਦੀ, ਕਾਨਫਰੰਸ, ਅਖੰਡ ਪਾਠ ਦੇ ਭੋਗ ਜਾਂ ਹਰ ਸਿਆਸੀ ਇਕੱਠ ਵਿੱਚ ਪਾਣੀ ਤੇ ਠੰਢੇ ਦੀਆਂ ਬੋਤਲਾਂ ਦੇਖੀਆਂ ਜਾ ਸਕਦੀਆਂ ਹਨ। ਬੋਤਲਬੰਦ ਪਾਣੀ ਉੱਤੇ ਸਾਫਟ ਡਰਿੰਕ ਦੇ ਯੂਨਿਟ ਧਰਤੀ ਹੇਠਲਾ ਪਾਣੀ ਕਿੰਨਾ ਬਰਬਾਦ ਕਰਦੇ ਹਨ, ਇਸ ਦਾ ਅੰਦਾਜ਼ਾ ਇਸ ਤੋਂ ਲੱਗ ਸਕਦਾ ਹੈ ਕਿ ਅੱਧਾ ਲੀਟਰ ਪਾਣੀ ਤਿਆਰ ਕਰਨ ਵਿੱਚ ਕਰੀਬ ਦੋ ਸੌ ਲੀਟਰ ਪਾਣੀ ਬਰਬਾਦ ਹੁੰਦਾ ਹੈ। ਜਿਨ੍ਹਾਂ ਇਲਾਕਿਆਂ ਵਿੱਚ ਸਾਫਟ ਡਰਿੰਕ ਬਣਾਉਣ ਦੇ ਪਲਾਂਟ ਹਨ, ਉਥੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਜਿਸ ਦਾ ਖਮਿਆਜ਼ਾ ਉਨ੍ਹਾਂ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਧੁੱਪ ਮਨੁੱਖੀ ਸਿਹਤ ਲਈ ਜਿੰਨੀ ਫਾਇਦੇਮੰਦ ਹੈ, ਓਨੀ ਹੀ ਬੋਤਲਬੰਦ ਪਾਣੀ ਲਈ ਨੁਕਸਾਨਦੇਹ ਹੈ। ਸਿੱਧੀ ਗਰਮੀ ਦੇ ਸੰਪਰਕ ਵਿੱਚ ਆਉਣ ਉੱਤੇ ਕੁਝ ਪਲਾਸਟਿਕ ਪਾਣੀ ਵਿੱਚ ਏਂਟੀਮਨੀ, ਬਿਸਫੇਨੋਲ-ਏ ਜਾਂ ਬੀ ਪੀ ਏ ਨਾਮਕ ਰਸਾਇਣ ਛੱਡਦੇ ਹਨ। ਇੱਕ ਗਰਾਮ ਬੀ ਪੀ ਏ ਦਾ ਇੱਕ ਖਰਬਵਾਂ ਹਿੱਸਾ ਵੀ ਤੁਹਾਡੇ ਸੈੱਲਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਸਕਦਾ ਹੈ ਜਿਸ ਨਾਲ ਤੁਹਾਨੂੰ ਛਾਤੀ ਦਾ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ, ਦਿਮਾਗ ਦੀ ਪਰਤ ਨੂੰ ਨੁਕਸਾਨ ਹੋ ਸਕਦਾ ਹੈ, ਮਰਦਾਂ ਵਿੱਚ ਨਿਪੁੰਸਕਤਾ ਅਤੇ ਦਿਲ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਪੰਜਾਬ ਹਿੰਦੋਸਤਾਨ ਦਾ ਇਕਲੌਤਾ ਸੂਬਾ ਹੈ ਜਿੱਥੇ ਕਿਸੇ ਗੱਡੀ ਦਾ ਨਾਂਅ ਹੀ ਲੋਕਾਂ ਨੇ ਕੈਂਸਰ ਟਰੇਨ ਰੱਖ ਦਿੱਤਾ ਹੈ ਕਿਉਂਕਿ ਪੰਜਾਬ ਵਿੱਚ ਮਾੜੀ ਮੁਸਤਫਾ ਵਰਗੇ ਅਨੇਕਾਂ ਪਿੰਡਾਂ ਵਿੱਚ ਹਰ ਤੀਜਾ ਬੰਦਾ ਕੈਂਸਰ ਨਾਲ ਜੂਝ ਰਿਹਾ ਹੈ ਤੇ ਕਈ ਇਲਾਕੇ ਅਜਿਹੇ ਨੇ, ਜਿਸ ਵਿੱਚ ਹਰ ਪੰਜਵਾਂ ਬੰਦਾ ਕਾਲੇ ਪੀਲੀਆ ਦਾ ਮਰੀਜ਼ ਹੈ। ਦੇਹਾਂ ਵਿੱਚ ਜ਼ਹਿਰ ਇੰਨੀ ਤੇਜ਼ੀ ਨਾਲ ਫੈਲ ਰਿਹਾ ਹੈ ਕਿ ਜੋ ਵੀ ਮਾਤਾ ਆਪਣੇ ਬੱਚੇ ਨੂੰ ਦੁੱਧ ਪਿਆ ਰਹੀ ਹੈ, ਉਹ ਦਰਅਸਲ ਦੁੱਧ ਨਹੀਂ ਜ਼ਹਿਰ (ਇੰਡੋਸਲਫਾਨ ਤੇ ਕਲੋਰੋਪਾਈਰੋਫੌਂਸ) ਹੈ। ਮਾਂ ਦੇ ਦੁੱਧ ਵਿੱਚ ਇਹ ਜ਼ਹਿਰ ਉਨ੍ਹਾਂ ਫਲ-ਸਬਜ਼ੀਆਂ, ਚੌਲ-ਆਟੇ ਅਤੇ ਪਾਣੀ-ਦੁੱਧ ਰਾਹੀਂ ਘੁਲਦਾ ਹੈ, ਜੋ ਖਾਂਦੀਆਂ ਹਨ। ਕੀਟਨਾਸ਼ਕਾਂ ਦੇ ਪ੍ਰਭਾਵ ਨਾਲ ਦਮਾ, ਓਟੀਜ਼ਮ, ਡਾਇਬਟੀਜ਼, ਪਾਰਕਿੰਸਨ, ਅਲਜ਼ਾਇਮਰ, ਪ੍ਰਜਣਨ ਸੰਬੰਧੀ ਕਮਜ਼ੋਰੀ ਅਤੇ ਕਈ ਤਰ੍ਹਾਂ ਦੇ ਕੈਂਸਰ ਲੋਕਾਂ ਵਿੱਚ ਤੇਜ਼ੀ ਨਾਲ ਫੈਲ ਰਹੇ ਹਨ। ਵੱਡੀ ਗਿਣਤੀ ਵਿੱਚ ਸਰੀਰਕ ਤੇ ਦਿਮਾਗੀ ਤੌਰ ਉੱਤੇ ਅਪੰਗ ਬੱਚਿਆਂ ਦਾ ਜਨਮ ਹੋ ਰਿਹਾ ਹੈ। ਬੱਚੇ ਨਾ ਹੋਣ ਦੀ ਸਮੱਸਿਆ ਵਧਦੀ ਹੈ। ਗੈਰ ਕੁਦਰਤੀ ਤੌਰ ਉੱਤੇ ਬੱਚਾ ਪੈਦਾ ਕਰਨ ਲਈ ਆਈ ਵੀ ਐਫ ਕੇਂਦਰਾਂ ਦੀ ਗਿਣਤੀ ਧੜਾਧੜ ਵਧ ਰਹੀ ਹੈ। ਜਾਣਕਾਰਾਂ ਮੁਤਾਬਕ 2050 ਤੱਕ ਪੰਜਾਬ ਕੁਦਰਤੀ ਤੌਰ ਉੱਤੇ ਬੱਚੇ ਪੈਦਾ ਕਰਨ ਦੇ ਲਾਇਕ ਨਹੀਂ ਰਹੇਗਾ।

ਮਨੁੱਖ ਨੇ ਜਿੰਨੇ ਵੀ ਸੰਕਟ ਆਪ ਖੜ੍ਹੇ ਕੀਤੇ ਹਨ, ਉਨ੍ਹਾਂ ਦਾ ਹੱਲ ਮਨੁੱਖ ਦੇ ਹੱਥ ਹੈ, ਪਰ ਇਹ ਸਰਕਾਰਾਂ ਦੀ ਨੇਕ ਨੀਤੀ ਤੋਂ ਬਿਨਾਂ ਸੰਭਵ ਨਹੀਂ। ਇਸ ਲਈ ਬਿਨਾਂ ਇੱਕ ਦਿਨ ਵੀ ਗੁਆਏ ਜੰਗੀ ਪੱਧਰ ਉੱਤੇ ਯਤਨ ਕਰਨ ਦੀ ਲੋੜ ਹੈ। ਭਾਰਤ ਵਿੱਚ ਸਿਆਣੇ ਤੇ ਹਿੰਮਤੀ ਬੰਦਿਆਂ ਦੀ ਘਾਟ ਨਹੀਂ। 2001 ਵਿੱਚ ਜਦੋਂ ਤਾਮਿਲ ਨਾਡੂ ਦੇ ਚੇਨਈ ਸ਼ਹਿਰ ਵਿੱਚ ਪਾਣੀ ਦੀ ਆਖਰੀ ਬੂੰਦ ਵੀ ਖਤਮ ਹੋ ਗਈ ਸੀ, ਉਦੋਂ ਆਈ ਏ ਐੱਸ ਅਫਸਰ ਸ਼ਾਂਤਾ ਸ਼ੀਲਾ ਨਾਇਰ ਨੇ ਤਤਕਾਲੀ ਮੁੱਖ ਮੰਤਰੀ ਜੈਲਲਿਤਾ ਦੀ ਮਦਦ ਨਾਲ ਕੁਝ ਹੀ ਦਿਨਾਂ ਵਿੱਚ ਜੋ ਚਮਤਕਾਰ ਕੀਤਾ, ਉਸ ਤੋਂ ਸਬਕ ਲਿਆ ਜਾ ਸਕਦਾ ਹੈ। ਰਾਜਸਥਾਨ ਵਿੱਚੋਂ ਅਰਾਵਤੀ ਨਦੀ ਗਾਇਬ ਹੋ ਗਈ ਸੀ, ਵਾਤਾਵਰਣ ਕਾਰਕੁਨ ਰਾਜਿੰਦਰ ਸਿੰਘ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਨੇ ਆਪ ਇਸ ਨੂੰ ਸੁਰਜੀਤ ਕੀਤਾ। ਇਸ ਦੇਸ਼ ਵਿੱਚ 45 ਦਿਨਾਂ ਵਿੱਚ ਕਿਸੇ 'ਡਾਰਕ ਜ਼ੋਨ' ਨੂੰ ਪਾਣੀ ਨਾਲ ਨੱਕੋ-ਨੱਕ ਭਰ ਦੇਣ ਦੀਆਂ ਮਿਸਾਲਾਂ ਹਨ। ਸਿੱਕਮ 100 ਫੀਸਦੀ ਜੈਵਿਕ ਸੂਬਾ ਕਿਵੇਂ ਬਣਿਆ, ਇਸ ਤੋਂ ਸਬਕ ਲੈਣ ਦੀ ਲੋੜ ਹੈ। ਮੀਂਹ ਦਾ ਪਾਣੀ ਸੰਭਾਲਣ (ਰੇਨ-ਵਾਟਰ ਹਾਰਵੈਸਟਿੰਗ) ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰ ਕੇ ਸੰਭਵ ਹੈ।

ਪੰਜਾਬ ਦੇ ਲੋਕ ਭਗਵੰਤ ਮਾਨ ਤੋਂ ਆਸ ਕਰਦੇ ਨੇ ਕਿ ਉਹ ਕੁਝ ਜ਼ਰੂਰ ਕਰੇਗਾ। ਲੋਕ ਹਰ ਥਾਈਂ 'ਕਾਰਸੇਵਾ' ਲਈ ਵੀ ਤਿਆਰ ਹੋ ਜਾਣਗੇ, ਪਰ ਪਹਿਲਾ ਕਦਮ ਮੁੱਖ ਮੰਤਰੀ ਨੂੰ ਹੀ ਚੁੱਕਣਾ ਪੈਣਾ ਹੈ।

# ਚਿੱਠੀਏ ਨੀ ਚਿੱਠੀਏ...

ਗੱਲ 1973 ਤੋਂ ਪਹਿਲਾਂ ਦੀ ਹੈ। ਉਸ ਸਮੇਂ ਦਸਵੀਂ ਪਾਸ ਕੀਤੀ ਸੀ ਤੇ ਗੱਲ ਦਸਵੀਂ ਪਾਸ ਕਰਨ ਤੋਂ ਪਹਿਲਾਂ ਦੀ ਹੈ। ਸ਼ਾਇਦ ਉਦੋਂ ਅੱਠਵੀਂ-ਨੌਵੀਂ ਵਿੱਚ ਪੜ੍ਹਦਾ ਹੋਵਾਂਗਾ। ਗੁਆਂਢ ਵਿੱਚ ਘਰਾਂ ਵਿੱਚੋਂ ਭਰਾਵਾਂ ਦੀ ਥਾਂ ਲੱਗਦਾ ਲੜਕਾ ਫੌਜ ਵਿੱਚ 'ਨੌਕਰ' ਸੀ। ਉਸ ਦੀ ਪਤਨੀ ਬੱਚਿਆਂ ਨਾਲ ਪਿੰਡ ਰਹਿੰਦੀ ਸੀ। ਮਹੀਨੇ ਵੀਹੀਂ ਦਿਨੀਂ ਉਹ ਪਤੀ ਨੂੰ ਮੇਰੇ ਤੋਂ ਚਿੱਠੀ ਲਿਖਵਾ ਕੇ ਭੇਜਦੀ ਅਤੇ ਉਸ ਦੀ ਚਿੱਠੀ ਮੈਥੋਂ ਪੜ੍ਹਵਾਉਂਦੀ ਸੀ। ਪਹਿਲੀਆਂ ਵਿੱਚ ਜਿੰਦਾਂਵੀ ਉਸ ਨੇ ਕਹਿਣਾ, ਮੈਂ ਚਿੱਠੀ ਦੀ ਇਬਾਰਤ ਉਸੇ ਤਰ੍ਹਾਂ ਲਿਖ ਦੇਣੀ, ਜਿਵੇਂ ਅੱਗਿਓਂ ਚਿੱਠੀ ਲਿਖੀ ਹੋਈ ਆਉਣੀ, ਹੂ-ਬ-ਹੂ ਪੜ੍ਹ ਕੇ ਸੁਣਾ ਦੇਣੀ। ਜਿਸ ਸਮੇਂ ਦੀ ਗੱਲ ਕਰ ਰਿਹਾ ਹਾਂ, ਇੱਥੇ ਕੁ ਆ ਕੇ ਮੈਂ ਉਸ ਨੂੰ ਕਹਿਣਾ, 'ਭਾਬੀ, ਤੂੰ ਦੱਸ, ਕੀ ਕੁਝ ਕਹਿਣਾ ਹੈ, ਮੈਂ ਇਕੱਠਾ ਸਾਰਾ ਕੁਝ ਲਿਖ ਦੇਵਾਂਗਾ।' ਇਸੇ ਤਰ੍ਹਾਂ ਆਈ ਚਿੱਠੀ ਬਾਰੇ ਦੱਸ ਦੇਣਾ ਕਿ ਇਸ ਵਿੱਚ ਕੀ ਲਿਖਿਆ ਹੈ। ਕਈ ਵਾਰੀ ਉਸ ਨੇ ਲਿਖੀ ਹੋਈ ਚਿੱਠੀ ਪੜ੍ਹ ਕੇ ਸੁਣਾਉਣ ਲਈ ਕਹਿਣਾ ਤਾਂ ਮੈਂ ਉਸ ਵੱਲੋਂ ਬੋਲੇ ਗਏ ਨੂੰ ਹੀ ਬੋਲ ਕੇ ਗੱਲ ਨਿਬੇੜ ਦੇਣੀ। ਇਸ ਵਿੱਚ ਮੇਰੀ ਆਪਣੀ ਸਿਰਜਣਾਤਮਿਕਤਾ ਚੱਲਣ ਲੱਗ ਪਈ। ਇਸੇ ਕਰ ਕੇ ਜਦੋਂ ਫੌਜੀ ਬਾਈ ਛੁੱਟੀ ਆਇਆ, ਇੱਕ ਦਿਨ ਭਾਬੀ ਨੇ ਆ ਕੇ ਕਿਹਾ: 'ਟੁੱਟ ਪੈਣਿਆ, ਮੈਂ ਤੇਰੀ ਭੁਗਤ ਸੁਆਰਦੀ ਹਾਂ'। ਏਨਾ ਕਹਿ ਕੇ ਮੇਰੇ ਉੱਤੇ ਹਮਲਾ ਕਰਨ ਵਾਲਿਆਂ ਵਾਂਗ ਹੱਲਾ ਕਰ ਦਿੱਤਾ ਸੀ। ਨਾਲ ਉਸ ਨੂੰ ਮੇਰੀ ਮਾਂ ਨੂੰ 'ਬੇਬੇ ਜੀ, ਅੱਜ ਤੂੰ ਇਸ ਨੂੰ ਛੁਡਾਈ ਨਾ, ਮੈਂ ਇਸ ਦੀ ਭੁਗਤ ਸੁਆਰਦੀ ਹਾਂ ਚੰਗੀ ਤਰ੍ਹਾਂ' ਕਹਿ ਕੇ ਮੇਰੀ ਮਾਂ ਨੂੰ ਵੀ ਹੁਕਮ ਸੁਣਾ ਦਿੱਤਾ ਸੀ।

ਗੱਲ ਅਸਲ ਵਿੱਚ ਇਹ ਸੀ ਕਿ 'ਜਿਹੜੀਆਂ ਗੱਲਾਂ ਤੂੰ ਚਿੱਠੀ ਵਿੱਚ ਲਿਖਦਾ ਹੁੰਨੈ, ਮੈਂ ਇਹ ਕਦੋਂ ਆਖਦੀ ਹੁੰਨੀ ਆਂ।' ਕਹਿੰਦਿਆਂ ਭਾਬੀ ਮੇਰੇ ਦੁਆਲੇ ਹੋ ਗਈ ਸੀ। ''ਬੇਬੇ ਜੀ, ਤੇਰਾ ਪੁੱਤ ਮੇਰੇ ਨਾਲ ਲੜਾਈ ਕਰੀ ਜਾਂਦੈ। ਕਹਿੰਦਾ, ਕੀ ਤੂੰ ਊਲ-ਜਲੂਲ ਲਿਖਵਾਉਨੀ ਹੁੰਨੀ ਐਂ ਚਿੱਠੀ ਵਿੱਚ। ਨਾਲ ਦੇ ਮੈਨੂੰ ਝੇਡਾਂ ਕਰਦੇ ਹੁੰਦੇ ਆ'', ਆਖਦਿਆਂ ਭਾਬੀ ਨੇ ਮੇਰੀ ਸ਼ਿਕਾਇਤ ਮੇਰੀ ਮਾਂ ਕੋਲ ਲਾ ਦਿੱਤੀ। ਭਾਬੀ ਮੇਰੇ ਨਾਲ ਲੜਦੀ ਅੰਦਰੋ-ਅੰਦਰੀ ਕੁਤਕੁਤਾੜੀਆਂ ਨਿਕਲਣ ਵਾਂਗ ਹੱਸ ਵੀ ਰਹੀ ਸੀ, ਜਿਵੇਂ ਮੈਂ ਜੋ ਕੁਝ ਚਿੱਠੀ ਵਿੱਚ ਲਿਖਦਾ ਸਾਂ, ਉਹੀ ਤਾਂ ਉਹ ਲਿਖਵਾਉਣਾ ਚਾਹੁੰਦੀ ਹੁੰਦੀ ਸੀ।

ਮੇਰੀ ਉਮਰ ਦਾ ਉਹ ਪੜਾਅ ਸ਼ੁਰੂ ਹੋ ਚੁੱਕਾ ਸੀ, ਜਿਸ ਵਿੱਚ ਬੱਚਾ ਨੌਜਵਾਨੀ ਵਾਲੀ ਉਮਰ ਵੱਲ ਵੀ ਵਧਦਾ ਹੈ ਅਤੇ ਭਾਵਨਾਵਾਂ ਦੇ ਵਹਿਣ ਵਿੱਚ ਵੀ ਵਹਿੰਦਾ ਹੈ। ਇਸੇ ਕਰ ਕੇ ਫੌਜਣ ਭਾਬੀ ਵੱਲੋਂ ਆਪਣੇ 'ਨੌਕਰ' ਪਤੀ ਨੂੰ ਮੇਰੇ ਕੋਲੋਂ ਲਿਖਾਈਆਂ ਚਿੱਠੀਆਂ ਵਿੱਚ ਭਾਬੀ ਦੇ ਉਹ ਭਾਵ, ਜੋ ਅਸਲ ਵਿੱਚ ਉਹ ਲਿਖਾਉਣਾ ਚਾਹੁੰਦੀ ਸੀ, ਪਰ ਬੋਲ ਕੇ ਕਹਿ ਨਹੀਂ ਸਕਦੀ ਸੀ, ਮੈਂ ਲਿਖ ਦਿੰਦਾ ਸਾਂ। ਦੇਖਿਆ ਜਾਵੇ ਤਾਂ ਚਿੱਠੀ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਲਿਖੀ ਜਾਂਦੀ ਹੈ। ਚਿੱਠੀ ਲਿਖਣਾ ਸਿਰਜਨਾਤਮਿਕਤਾ ਦਾ ਆਰੰਭ ਵੀ ਹੈ ਅਤੇ ਸਿਖਰ ਵੀ। ਇਸੇ ਕਰ ਕੇ 'ਚਿੱਠੀਆਂ ਸਾਹਿਬਾਂ ਜੱਟੀ ਨੇ ਲਿਖ ਮਿਰਜ਼ੇ ਵੱਲ ਪਾਈਆਂ' ਵਰਗਾ ਗੀਤ ਹੋਂਦ ਵਿੱਚ ਆਇਆ ਸੀ। ਉਮੀਦ ਹੈ, ਇਹ ਕਲਪਨਾ ਗੀਤਕਾਰ ਦੀ ਹੀ ਹੋਵੇਗੀ ਕਿ ਪ੍ਰੇਮਿਕਾ (ਸਾਹਿਬਾਂ ਦੇ ਰੂਪ) ਵਸਲ ਵਿੱਚ ਆ ਕੇ ਸਿਰਜਣਹਾਰ ਦਾ ਰੂਪ ਬਣ ਜਾਂਦੀ ਹੈ। ਕਬੂਤਰਾਂ ਹੱਥ ਸੁਨੇਹੇ ਦੇਣੇ ਵੀ ਕਲਪਨਾ ਸ਼ਕਤੀ ਦਾ ਸਰੂਪ ਕਿਹਾ ਜਾ ਸਕਦਾ ਹੈ ਅਤੇ ਇਹ ਕੋਈ ਲੇਖਕ ਹੀ ਸੋਚ ਸਕਦਾ ਹੈ। ਮੋਹਨ ਭੰਡਾਰੀ ਦੀ ਕਹਾਣੀ 'ਬਾਕੀ ਸਭ ਸੁੱਖ-ਸਾਂਦ' ਵਿੱਚ ਮਮਤਾ ਦੀ ਤੜਫ ਦਾ ਵੇਰਵਾ ਵੀ ਚਿੱਠੀ ਦੇ ਰੂਪ ਵਿੱਚ ਹੀ ਆਉਂਦਾ ਹੈ।

ਅੱਜ ਸਮੇਂ ਦੀ ਤਬਦੀਲੀ ਨਾਲ ਈਮੇਲ ਭਾਵੇਂ ਆ ਗਈ ਹੈ, ਪਰ ਕੀ ਇਹ ਚਿੱਠੀ ਦਾ ਬਦਲ ਹੈ? ਰਹਿੰਦੀ ਕਸਰ ਮੋਬਾਈਲ ਫੋਨ ਤੇ ਕੰਪਨੀਆਂ ਦੇ ਪੈਕੇਜ ਨੇ ਕੱਢ ਦਿੱਤੀ ਹੈ। ਇਸ ਨੇ ਸਾਡੇ ਤੋਂ ਬੜਾ ਕੁਝ ਖੋਹ ਲਿਆ ਹੈ। ਮੋਬਾਈਲ ਫੋਨ ਨੇ ਹਕੀਕਤ ਵਿੱਚ ਸਾਨੂੰ ਇਕੱਲਿਆਂ ਕਰ ਦਿੱਤਾ ਹੈ। ਫੋਨ ਉੱਤੇ ਚੈਟਿੰਗ ਕਰਦਿਆਂ ਅਸੀਂ ਕੋਲ ਬੈਠੇ ਵੀ ਦੂਰ ਹੁੰਦੇ ਹਾਂ। ਪ੍ਰੇਮ ਜਾਂ ਹੋਰ ਰਿਸ਼ਤਿਆਂ ਵਿੱਚ ਮੋਬਾਈਲ ਫੋਨ ਉੱਤੇ ਆਪਸੀ ਗੱਲਬਾਤ ਹੁੰਦੀ ਹੈ, ਪਰ ਭਵਿੱਖ ਵਿੱਚ ਸਾਡਾ ਸਰਮਾਇਆ ਨਹੀਂ ਬਣ ਸਕਦੇ। ਕਿਤੇ ਅਜਿਹਾ ਨਾ ਹੋਵੇ ਸਾਡੇ ਕੋਲੋਂ ਚਿੱਠੀ ਵਾਲੀ ਸਿਰਜਣਾ ਹੀ ਖੁੱਸ ਜਾਵੇ।

*-ਗੁਰਦੀਪ ਸਿੰਘ ਢੁੱਡੀ।*



# ਪੰਜਾਬ ਵਿੱਚ ਘੱਲੂਘਾਰਾ ਹਫਤੇ ਵੇਲੇ ਕੇਂਦਰੀ ਸੁਰੱਖਿਆ ਬਲ ਤਾਇਨਾਤ ਹੋਣਗੇ

*** ਕੇਂਦਰ ਸਰਕਾਰ ਵੱਲੋਂ 10 ਕੰਪਨੀਆਂ ਮਨਜ਼ੂਰ**

ਚੰਡੀਗੜ੍ਹ, 18 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਖਾੜਕੂਆਂ ਅਤੇ ਗੈਂਗਸਟਰਾਂ ਦੀਆਂ ਵਧੀਆਂ ਗਤੀਵਿਧੀਆਂ ਕਾਰਨਭਾਰਤ ਦੇ ਕੇਂਦਰੀ ਨੀਮ ਫੌਜੀ ਬਲਾਂ ਦੀਆਂ 10 ਕੰਪਨੀਆਂ ਤੈਨਾਤ ਕੀਤੀਆਂ ਜਾ ਰਹੀਆਂ ਹਨ।

ਜਾਣਕਾਰ ਸੂਤਰਾਂ ਮੁਤਾਬਕ ਤਾਜ਼ਾਂ ਘਟਨਾਵਾਂ ਕਾਰਨ ਪੰਜਾਬ ਸਰਕਾਰ ਨੇ 30 ਦੇ ਕਰੀਬ ਕੰਪਨੀਆਂ ਮੰਗੀਆਂ ਸਨ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ 10 ਕੰਪਨੀਆਂ ਦਿੱਤੀਆਂ ਹਨ। ਪੰਜਾਬ ਦੇ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਕਤ ਖਾੜਕੂਆਂ ਦੀਆਂ ਗਤੀਵਿਧੀਆਂ ਅਤੇ ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਨੇੜੇ ਹੋਣ ਕਾਰਨ ਕੇਂਦਰੀ ਫੋਰਸਾਂ ਦੀ ਤੈਨਾਤੀ ਕੀਤੀ ਜਾਣੀ ਹੈ। ਪੰਜਾਬ ਪੁਲਸ ਦੇ ਡੀ ਜੀ ਪੀ, ਵੀ ਕੇ ਭਾਵੜਾ ਨੇ ਦੱਸਿਆ ਕਿ ਆਪਰੇਸ਼ਨ ਬਲਿਊ ਸਟਾਰ ਦੇ ਕਾਰਨ ਜੂਨ ਦੇ ਪਹਿਲੇ ਹਫਤੇ ਸੁਰੱਖਿਆ ਯਕੀਨੀ ਬਣਾਉਣ ਲਈ ਵਾਧੂ ਤੈਨਾਤੀ ਦੀ ਲੋੜ ਹੈ। ਕਿਹਾ ਕਿ ਕੇਂਦਰੀ ਬਲਾਂ ਦੀ ਮੰਗ ਪਿੱਛੇ ਜਿਹੇ ਹੋਏ ਰਾਕੇਟ




ਗਰਨੇਡ ਹਮਲੇ ਕਾਰਨ ਨਹੀਂ ਕੀਤੀ ਗਈ ਤੇ ਨਾ ਅਜਿਹੇ ਹੋਰ ਹਮਲਿਆਂ ਦੇ ਸ਼ੱਕ ਹੇਠ ਕੀਤੀ ਗਈ ਹੈ।ਭਾਵੜਾ ਨੇ ਕਿਹਾ ਕਿ ਆਮ ਤੌਰ ਉੱਤੇ ਘੱਲੂਘਾਰਾ ਹਫਤੇ ਦੌਰਾਨ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਹਰ ਵਾਰੀ ਇਸ ਤਰ੍ਹਾਂ ਤੈਨਾਤੀ ਕੀਤੀ ਜਾਂਦੀ ਹੈ। ਵਰਨਣ ਯੋਗ ਹੈ ਕਿ ਪੰਜਾਬ ਪੁਲਸ ਕੋਲ ਆਪਣੇ ਅੱਸੀ ਹਜ਼ਾਰ ਮੁਲਾਜ਼ਮ ਹਨ। ਦਸ ਕੰਪਨੀਆਂ ਦੇ ਆਉਣ ਨਾਲ ਕਰੀਬ 1000 ਸੁਰੱਖਿਆ ਕਰਮਚਾਰੀ ਹੋਰ ਤੈਨਾਤ ਹੋਣਗੇ।

ਪਤਾ ਲੱਗਾ ਹੈ ਕਿਪੰਜਾਬ ਪੁਲਸ ਵੱਲੋਂਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਸੁਰੱਖਿਆ ਲਈ ਪੰਜਾਬ ਪੁਲਸ ਦੇ ਜਵਾਨਾਂ ਦੀ ਤੈਨਾਤੀ ਦਾ ਰਾਹ ਵੀ ਕੱਢਿਆ ਜਾ ਰਿਹਾ ਹੈ। ਪੰਜਾਬ ਦੇ ਡੀ ਜੀ ਪੀ ਵੀਰੇਸ਼ ਕੁਮਾਰ ਭਾਵੜਾ ਨੇ ਦਿੱਲੀ ਦੇ ਪੁਲਸ ਕਮਿਸ਼ਨਰ ਰਾਕੇਸ਼ ਕੁਮਾਰ ਅਸਥਾਨ ਨੂੰ ਪੱਤਰ ਲਿਖ ਕੇ ਦਿੱਲੀ ਦੇ ਮੁੱਖ ਮੰਤਰੀ ਨੂੰ ਖਾਲਿਸਤਾਨੀ ਖਾੜਕੂਆਂ ਤੋਂ ਖਤਰਾ ਹੋਣ ਦੀ ਗੱਲ ਕਹੀ ਅਤੇਪੰਜਾਬ ਪੁਲਸ ਵੱਲੋਂ ਐਡੀਸ਼ਨਲ ਡੀ ਜੀ ਪੀ ਰੈਂਕਦਾ ਇੱਕ ਪੁਲਸ ਅਫਸਰ ਦਿੱਲੀ ਦੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਨੋਡਲ ਅਫਸਰ ਨਿਯੁਕਤ ਕੀਤਾ ਹੈ ਅਤੇ ਦਿੱਲੀ ਦੇ ਪੁਲਸ ਕਮਿਸ਼ਨਰ ਨੂੰ ਵੀ ਨੋਡਲ ਅਫਸਰ ਲਾਉਣਨੂੰ ਕਿਹਾ ਹੈ। ਸੂਤਰਾਂ ਮੁਤਾਬਕ ਇਸ ਬਾਰੇ ਦੋਵਾਂ ਰਾਜਾਂ ਦੀ ਪੁਲਸ ਵਿਚਾਲੇ ਪੱਤਰ ਵਿਹਾਰ ਹੋ ਰਿਹਾ ਹੈ ਤੇ ਦਿੱਲੀ ਪੁਲਸ ਨੇ ਕੇਜਰੀਵਾਲ ਨਾਲ ਲੋੜੀਂਦੀ ਸੁਰੱਖਿਆ ਹੋਣ ਦਾ ਹਵਾਲਾ ਵੀ ਦਿੱਤਾ ਹੈ। ਉਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਦਿੱਲੀ ਤੇ ਪੰਜਾਬ ਪੁਲਸ ਦੇ ਅਫਸਰਾਂ ਵਿਚਾਲੇ ਫੋਨ ਉੱਤੇ ਵਾਰਤਾ ਦੌਰਾਨ ਪੰਜਾਬ ਪੁਲਸ ਨੂੰ ਬਾਹਰਲੇ ਸੂਬੇ ਵਿੱਚ ਮੁੱਖ ਮੰਤਰੀ ਦੀ ਸੁਰੱਖਿਆ ਲਈ ਜਵਾਨਾਂ ਦੀ ਤੈਨਾਤੀ ਦਾ ਰੁਝਾਨ ਸ਼ੁਰੂ ਨਾ ਕਰਨ ਲਈ ਕਿਹਾ ਗਿਆ ਹੈ ਤੇ ਇਹ ਕੇਸ ਕੇਂਦਰ ਸਰਕਾਰ ਦੇ ਧਿਆਨ ਵਿੱਚ ਵੀ ਹੈ। ਇੱਥੋਂ ਤਕ ਕਿ ਇੰਟੈਲੀਜੈਂਸ ਬਿਊਰੋ (ਆਈ ਬੀ) ਦੇ ਸੀਨੀਅਰ ਅਧਿਕਾਰੀਆਂ ਨੇ ਵੀ ਪੰਜਾਬ ਪੁਲਸ ਦੀ ਇਸ ਗੱਲ ਦਾ ਬੁਰਾ ਮਨਾਇਆ ਹੈ।

# ਗਿਆਨੀ ਜਗਤਾਰ ਸਿੰਘ ਵਿਰੁੱਧ ਜੱਥੇਦਾਰ ਜਾਂ ਸ਼੍ਰੋਮਣੀ ਕਮੇਟੀ ਨੇ ਕਿਉਂ ਕਾਰਵਾਈ ਨਹੀਂ ਕੀਤੀ : ਮਾਝੀ

ਕੋਟਕਪੂਰਾ, 18 ਮਈ (ਪੋਸਟ ਬਿਊਰੋ)- ਗਿਆਨੀ ਜਗਤਾਰ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲੋਂ ਬੀਤੇ ਦਿਨੀਂ ਗੁਰਦੁਵਾਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਦੌਰਾਨ ਗੁਰੂ ਅਮਰਦਾਸ ਜੀ ਦੀ ਰਚੀ ਹੋਈ ਬਾਣੀ 'ਆਨੰਦ ਸਾਹਿਬ' ਬਾਰੇ ਭੁਲੇਖਾ ਪਾਉਂਦਿਆਂ ਕੀਤੀ ਗ਼ਲਤ ਬਿਆਨੀ ਦਾ ਸਿੱਖ ਸੰਗਤ ਵੱਲੋਂ ਵਿਰੋਧ ਹੋਣ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਜਗਤਾਰ ਸਿੰਘ ਵਿਰੁੱਧ ਕਾਰਵਾਈ ਕਿਉਂ ਨਹੀਂ ਹੋਈ?

ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਮੁੱਖ ਸੇਵਾਦਾਰ ਦਰਬਾਰ ਏ ਖਾਲਸਾ ਨੇ ਉਕਤ ਸੁਆਲ ਕਰਦਿਆਂ ਕਿਹਾ ਕਿ ਗਿਆਨੀ ਜਗਤਾਰ ਸਿੰਘ ਦਾ ਇਹ ਕਹਿਣਾ ਕਿ ਆਨੰਦ ਸਾਹਿਬ ਜੀ ਦੀਆਂ 38 ਪਾਉੜੀਆਂ ਗੁਰੂ ਅਮਰਦਾਸ ਜੀ ਨੇ, ਪਾਉੜੀ ਨੰਬਰ 39 ਗੁਰੂ ਰਾਮਦਾਸ ਜੀ ਨੇ ਅਤੇ ਪਾਉੜੀ ਨੰਬਰ 40 ਗੁਰੂ ਅਰਜਨ ਸਾਹਿਬ ਜੀ ਵੱਲੋਂ ਉਚਾਰਨ ਕੀਤੀ ਗਈ, ਅਸਲ ਵਿੱਚ ਸਿੱਖ ਸੰਗਤ ਨੂੰ ਗੁਮਰਾਹ ਕਰਨ ਵਾਂਗ ਹੈ।ਭਾਈ ਮਾਝੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਵਕਤ



ਜੋ ਸ਼ਬਦ ਜਾਂ ਸਲੋਕ ਜਿਸ ਮਹਾਂਪੁਰਖ ਦਾ ਹੈ, ਇਸ ਸਬੰਧੀ ਬਾਕਾਇਦਾ ਸਿਰਲੇਖ ਦਿੱਤਾ ਹੈ। ਇੱਥੋਂ ਤਕ ਕਿ ਜੇ ਕਿਤੇ ਸਾਂਝਾ ਸ਼ਬਦ ਰੱਖਣਾ ਪਿਆ ਤਾਂ ਸਿਰਲੇਖ ਵਿੱਚ 'ਗਉੜੀ ਕਬੀਰ ਜੀ ਕੀ ਨਾਲ ਰਲਾਇ ਲਿਖਿਆ ਮਹਲਾ ਪੰਜਵਾਂ' ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸੰਗਤ ਕੋਲ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਗੁਰਬਾਣੀ ਬਾਰੇ ਭੁਲੇਖੇ ਖੜ੍ਹੇ ਕਰਨ ਵਾਲੇ ਗਿਆਨੀ ਜਗਤਾਰ ਸਿੰਘ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੇ ਕੀ ਕਾਰਨ ਹਨ? ਭਾਈ ਮਾਝੀ ਨੇ ਪੁੱਛਿਆ ਕਿ ਆਪਣੇ ਚਹੇਤਿਆਂ ਅਤੇ ਪੰਥਕ ਵਿਦਵਾਨਾਂ ਵਿਰੁੱਧ ਕਾਰਵਾਈ ਕਰਨ ਦੇ ਮਾਮਲੇ ਵਿੱਚ ਵੱਖੋ ਵਖਰੇ ਮਾਪਦੰਡ ਕਿਉਂ ਹਨ?

# ਟਾਂਡਾ ਦੀ ਸੇਜਲ ਪੁਰੀ ਅਮਰੀਕਾ ਵਿੱਚ ਮਿਸ ਇੰਡੀਆ ਕੈਲੀਫੋਰਨੀਆ ਬਣੀ

ਟਾਂਡਾ ਉੜਮੁੜ, 18 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਅਹੀਆਪੁਰ ਨਾਲ ਸਬੰਧਤ ਪੁਰੀ ਪਰਵਾਰ ਦੀ ਧੀ ਅਮਰੀਕਾ ਵਿੱਚ ਮਿਸ ਇੰਡੀਆ ਕੈਲੇਫੋਰਨੀਆ-2022 ਬਣੀ ਹੈ। ਪਰਸੋਂ ਕੈਲੇਫੋਰਨੀਆ ਦੇ ਮਿਲੀਪਟਸ ਸ਼ਹਿਰ ਵਿੱਚ ਮੁਕਾਬਲੇ ਦੌਰਾਨ ਉਸ ਨੂੰ ਇਸ ਖਿਤਾਬ ਨਾਲ ਨਵਾਜ਼ਿਆ ਗਿਆ ਹੈ।

ਸੱਤ ਸਾਲ ਪਹਿਲਾਂ ਅਮਰੀਕਾ ਜਾ ਵੱਸੇ ਨੀਰਜ ਪੁਰੀ ਅਤੇ ਬਿੰਦੂ ਪੁਰੀ ਨੇ ਆਪਣੀ ਧੀ ਦੀ ਇਸ ਸਫਲਤਾ ਦੇ ਬਾਰੇ ਦੱਸਿਆ ਕਿ ਉਹ ਮਾਈ ਡ੍ਰੀਮ ਟੀ ਵੀ ਅਤੇ ਮਾਈ ਡ੍ਰੀਮ ਗਲੋਬਲ ਫਾਊਂਡੇਸ਼ਨ ਵੱਲੋਂ ਫਾਊਂਡਰ ਰਸ਼ਮੀ ਬੇਦੀ ਅਤੇ ਸਟੇਟ ਡਾਇਰੈਕਟਰ ਕੈਲੇਫੋਰਨੀਆ ਦਿਵਿਆ ਮੋਵਾਰ ਦੀ ਅਗਵਾਈ ਵਿੱਚ ਕਰਵਾਏ ਮੁਕਾਬਲੇ ਦੇ ਫਾਈਨਲ ਵਿੱਚ ਗਈ ਤੇ 22 ਮੁਕਾਬਲੇਬਾਜ਼ਾਂ ਨੂੰ ਪਛਾੜ ਕੇ ਖਿਤਾਬ ਆਪਣੇ ਨਾਂਅ ਕੀਤਾ। ਉਸ



ਨੂੰ ਬਾਲੀਵੁੱਡ ਅਭਿਨੇਤਰੀ ਸ਼ੀਬਾ ਸਬੀਰ ਨੇ ਸਨਮਾਨਤ ਕੀਤਾ ਹੈ। ਪੁਰੀ ਜੋੜੇ ਨੇ ਦੱਸਿਆ ਕਿ ਸੇਜਲ ਆਪਣੇ ਭਰਾ ਹਾਰਦਿਕ ਨਾਲ ਦਸੂਹੇ ਦੇ ਕੈਂਬਰਿਜ਼ ਸਕੂਲ ਵਿੱਚ ਛੇਵੀਂ ਤਕ ਪੜ੍ਹਾਈ ਕਰ ਕੇ ਉਸ ਨਾਲ ਅਮਰੀਕਾ ਆਈ ਸੀ ਤੇ ਅੱਜਕੱਲ੍ਹ ਡੈਂਟਿਸਟ ਦੀ ਪੜ੍ਹਾਈ ਕਰ ਰਹੀ ਹੈ। ਸੇਜਲ ਨੇ ਦੱਸਿਆ ਕਿ ਉਸ ਨੇ ਪੰਜਾਬੀ ਸਟਾਰ ਕਲਾਕਾਰ ਦਲਜੀਤ ਦੁਸਾਂਝ ਦੇ ਗੀਤ ਵਿੱਚ ਐਕਟਿੰਗ ਕੀਤੀ ਤੇ ਉਹ ਮਾਡਲਿੰਗ ਵਿੱਚ ਨਾਂਅ ਕਮਾਉਣ ਦੇ ਨਾਲ ਬਾਲੀਵੁੱਡ ਵਿੱਚ ਕੰਮ ਕਰਨ ਦੇ ਸੁਫਨੇ ਨੂੰ ਪੂਰਾ ਕਰਨ ਲੱਗੀ ਹੋਈ ਹੈ ਅਤੇ ਇਸ ਸਫਲਤਾ ਨਾਲ ਉਸ ਵਿੱਚ ਨਵੀਂ ਊਰਜਾ ਦਾ ਸੰਚਾਰ ਹੋਇਆ ਹੈ।

# 20 ਸਾਲਾਂ ਤੋਂ ਬਿਨਾਂ ਬਿਜਲੀ ਮੀਟਰ ਤੋਂ ਚੱਲਦੇ ਡੇਰੇ ਉੱਤੇ ਛਾਪਾ

*** ਡੇਰੇ ਦੇ ਮਹੰਤ ਖ਼ਿਲਾਫ਼ ਮੁਕੱਦਮਾ ਤੇ 9 ਲੱਖ ਤੋਂ ਵੱਧ ਜੁਰਮਾਨਾ**

ਸੰਗਰੂਰ, 18 ਮਈ (ਪੋਸਟ ਬਿਊਰੋ)- ਪਾਵਰਕਾਮ ਦੀ ਇਨਫੋਰਸਮੈਂਟ ਦੇ ਸੀਨੀਅਰ ਐਕਸੀਅਨ ਨੇ ਇੱਕ ਧਾਰਮਿਕ ਡੇਰੇ ਵਿੱਚੋਂ ਬਿਜਲੀ ਚੋਰੀ ਫੜੀ ਗਈ ਹੈ, ਜਿੱਥੇ 20-22 ਸਾਲਾਂ ਤੋਂ ਬਿਜਲੀ ਦਾ ਮੀਟਰ ਹੀ ਨਹੀਂ ਲੱਗਾ ਹੋਇਆ ਸੀ ਪਰ ਡੇਰੇ ਅੰਦਰ ਵੱਡੀ ਗਿਣਤੀ ਵਿੱਚ ਏ ਸੀ, ਕੂਲਰ, ਪੱਖੇ, ਲਾਈਟਾਂ ਦੀ ਵਰਤੋਂ ਦਿਨ-ਰਾਤ ਹੁੰਦੀ ਹੈ।

ਐਕਸੀਅਨ ਨੇ ਦੱਸਿਆ ਕਿ ਪਾਤੜਾਂ ਸ਼ਹਿਰ ਵਿੱਚ ਬੱਸ ਅੱਡੇ ਨੇੜੇ ਇੱਕ ਡੇਰਾ 'ਬਾਬਾ ਸੋਟੇ ਵਾਲਾ' ਵਿੱਚ ਬਿਜਲੀ ਚੋਰੀ ਬਾਰੇ ਕਿਸੇ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਿਕਾਇਤ ਨੰਬਰ ਉੱਤੇ ਸ਼ਿਕਾਇਤ ਕੀਤੀ ਸੀ, ਜਿਸ ਤਹਿਤ ਵਿਭਾਗ ਦੇ ਉਚ ਅਧਿਕਾਰੀਆਂ ਨੇ ਇਸ ਦੀ ਚੈਕਿੰਗ ਲਈ ਉਨ੍ਹਾਂ ਦੀ ਡਿਊਟੀ ਲਾਈ ਸੀ। ਉਨ੍ਹਾਂ ਦੱਸਿਆ ਕਿ ਇਨਫੋਰਸਮੈਂਟ ਦੀ



ਟੀਮ ਨੇ ਡੇਰੇ ਵਿੱਚ ਪੁੱਜ ਕੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇੱਥੇ ਬਿਜਲੀ ਦਾ ਕੋਈ ਮੀਟਰ ਨਹੀਂ ਲੱਗਾ ਤੇ ਪਿਛਲੇ 20-22 ਸਾਲਾਂ ਤੋਂ ਡੇਰੇ ਦੀ ਸਾਰੀ ਸਪਲਾਈ ਬਿਜਲੀ ਦੀ ਕੁੰਡੀ ਲਾ ਕੇ ਚੱਲ ਰਹੀ ਹੈ। ਜਾਂਚ ਦੌਰਾਨ ਮੁੱਢਲੇ ਤੌਰ ਉੱਤੇ ਪਤਾ ਲੱਗਾ ਕਿ ਡੇਰੇ ਦਾ ਬਿਜਲੀ ਲੋਡ ਲੱਗਭਗ 17 ਕਿੱਲੋਵਾਟ ਹੈ। ਬਿਜਲੀ ਚੋਰੀ ਬਾਰੇ ਜਿੱਥੇ ਵਿਭਾਗ ਨੇ ਡੇਰੇ ਦੇ ਮੌਜੂਦਾ ਮਹੰਤ ਖਿਲਾਫ਼ ਮੁਕੱਦਮਾ ਦਰਜ ਕੀਤਾ ਹੈ, ਉਥੇ ਡੇਰੇ ਨੂੰ 9 ਲੱਖ ਰੁਪਏ ਤੋਂ ਵਧੇਰੇ ਜੁਰਮਾਨਾ ਵੀ ਕੀਤਾ ਹੈ।

## ਹਸਪਤਾਲ ਦੇ ਡਾਟਾ ਆਪਰੇਟਰ ਨੂੰ ਗੋਲੀ ਮਾਰ ਕੇ ਮਾਰਿਆ

ਜੰਡਿਆਲਾ ਗੁਰੂ, 18 ਮਈ (ਪੋਸਟ ਬਿਊਰੋ)- ਥਾਣਾ ਚਾਟੀਵਿੰਡ ਹੇਠਲੇ ਮਾਨਾਂਵਾਲਾ ਨੇੜੇ ਕਾਰ ਸਵਾਰ ਦੋ ਨੌਜਵਾਨਾਂ ਨੇ ਬਾਬਾ ਬਕਾਲਾ ਦੇ ਹਸਪਤਾਲ ਵਿੱਚ ਤੈਨਾਤ ਕੰਪਿਊਟਰ ਡਾਟਾ ਆਪਰੇਟਰ ਚਰਨਪ੍ਰੀਤ ਸਿੰਘ ਦੀ ਕੱਲ੍ਹ ਦੁਪਹਿਰੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜਦੋਂ ਗੁਰਦੇਵ ਸਿੰਘ ਆਪਣੇ ਰਿਸ਼ਤੇਦਾਰ ਚਰਨਪ੍ਰੀਤ ਸਿੰਘ ਨੂੰ ਬਚਾਉਣ ਲਈ ਆਇਆ ਤਾਂ ਇੱਕ ਨੌਜਵਾਨ ਨੇ ਪਿਸਤੌਲ ਦੇ ਬੱਟ ਨਾਲ ਹਮਲਾ ਕਰ ਕੇ ਉਸ ਨੂੰ ਵੀ ਜ਼ਖਮੀ ਕਰ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਉਕਤ ਹੱਤਿਆ ਪੁਰਾਣੀ ਰੰਜ਼ਿਸ਼ ਕਾਰਨ ਹੋਈ ਹੈ। ਇਲਾਕੇ ਵਿਚਲੇ ਸੀ ਸੀ ਟੀ ਵੀ ਫੁਟੇਜ ਵੀ ਪੁਲਸ ਦੇਖ ਰਹੀ ਹੈ। ਕੱਲ੍ਹ ਦੁਪਹਿਰੇ ਚਰਨਪ੍ਰੀਤ ਸਿੰਘ ਆਪਣੇ ਰਿਸ਼ਤੇਦਾਰ ਗੁਰਦੇਵ ਸਿੰਘ ਤੇ ਸੁਖਦੀਪ ਸਿੰਘ ਨਾਲ ਘਰ ਪਰਤ ਰਿਹਾ ਸੀ ਕਿ ਮਾਨਾਂਵਾਲਾ ਨੇੜੇ ਉਸ ਨੇ ਪਿਸ਼ਾਬ ਕਰਨ ਲਈ ਕਾਰ ਸਾਈਡ ਉੱਤੇ ਰੋਕੀਸੀ। ਇਸ ਮੌਕੇ ਇੱਕ ਹੋਰ ਕਾਰ ਉਥੇ ਆ ਕੇ ਰੁਕੀ। ਕਾਰ ਵਿੱਚ ਸਵਾਰ ਦੋ ਨੌਜਵਾਨ ਤੇਜ਼ੀ ਨਾਲ ਚਰਨਪ੍ਰੀਤ ਸਿੰਘ ਵੱਲ ਮੁੜੇ ਤੇ ਇੱਕ ਨੌਜਵਾਨ ਨੇ ਪਿਸਤੌਲ ਕੱਢ ਕੇ ਉਸ ਦੇ ਸਿਰ ਉੱਤੇ ਗੋਲੀ ਮਾਰੀ। ਵਾਰਦਾਤ ਮਗਰੋਂ ਦੋਸ਼ੀ ਬਿਆਸ ਵੱਲ ਫਰਾਰ ਹੋ ਗਏ।

# ਬਣਾਂਵਾਲਾ ਥਰਮਲ ਪਲਾਂਟ ਵਿੱਚ ਸੀ ਬੀ ਆਈ ਦਾ ਛਾਪਾ

*** ਪਲਾਂਟ ਦੀ ਉਸਾਰੀ ਵੇਲੇ ਚੀਨੀ ਨਾਗਰਿਕਾਂ ਨੂੰ ਵੀਜ਼ਾ ਦਿੱਤਾ ਗਿਆ**

ਮਾਨਸਾ, 18 ਮਈ (ਪੋਸਟ ਬਿਊਰੋ)- ਵੇਦਾਂਤਾ ਕੰਪਨੀ ਵੱਲੋਂ ਪਿੰਡ ਬਣਾਂਵਾਲਾ ਵਿੱਚ ਪ੍ਰਾਈਵੇਟ ਭਾਈਵਾਲੀ ਤਹਿਤ ਲਾਏ ਗਏ ਉਤਰੀ ਭਾਰਤ ਦੇ ਸਭ ਤੋਂ ਵੱਡੇ ਥਰਮਲ ਪਲਾਂਟ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ ਐਸ ਪੀ ਐਲ) ਵਿੱਚ ਕੱਲ੍ਹ ਸੀ ਬੀ ਆਈ ਦੀ ਟੀਮ ਨੇ ਛਾਪਾ ਮਾਰਿਆ, ਜਿਸ ਦੀ ਪੁਸ਼ਟੀ ਥਰਮਲ ਪਲਾਂਟ ਦੇ ਬੁਲਾਰੇ ਨੇ ਕੀਤੀ ਹੈ ਅਤੇ ਟੀਮ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਛਾਪੇ ਦਾ ਸਬੰਧ ਸੀਨੀਅਰ ਕਾਂਗਰਸੀ ਆਗੂ ਤੇ ਭਾਰਤ ਦੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੇ ਪੁੱਤਰ ਕਾਰਤੀ ਚਿਦੰਬਰਮ ਨਾਲ ਜੁੜਿਆ ਹੈ। ਪਤਾ ਲੱਗਾ ਹੈ ਕਿ ਸੀ ਬੀ ਆਈ ਨੇ ਕਾਰਤੀ ਚਿਦੰਬਰਮ ਦੇ ਖਿਲਾਫ ਕੇਸ ਦਰਜ ਕਰਨ ਪਿੱਛੋਂ ਉਨ੍ਹਾਂ ਦੇ ਜਿਹੜੇ ਟਿਕਾਣਿਆਂ ਉੱਤੇ ਛਾਪੇ ਮਾਰੇ ਹਨ, ਉਨ੍ਹਾਂ ਵਿੱਚ ਬਣਾਂਵਾਲਾ ਪਲਾਂਟ ਵਿੱਚ ਵੱਜਿਆ ਇਹ ਛਾਪਾ ਵੀ ਹੈ। ਦੇਰ ਸ਼ਾਮ ਤਕ ਇਹ ਛਾਪਾ ਜਾਰੀ ਰਿਹਾ ਤੇ ਮੀਡੀਆ ਸਮੇਤ ਹੋਰਾਂ ਨੂੰ ਥਰਮਲ ਪਲਾਂਟ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ ਸੀ, ਪਰ ਦੱਸਿਆ ਗਿਆ ਹੈ ਕਿ ਜਦੋਂ ਇਸ ਥਰਮਲ ਪਲਾਂਟ ਦੀ ਉਸਾਰੀ ਹੋ ਰਹੀ ਸੀ ਤਾਂ ਓਦੋਂ 263 ਚੀਨੀ ਨਾਗਰਿਕਾਂ ਨੂੰ ਵੀਜ਼ਾ ਦਿਵਾਉਣ ਲਈ ਪੰਜਾਹ ਲੱਖ ਰੁਪਏ ਰਿਸ਼ਵਤ ਲੈਣ ਦੇ ਕੇਸ ਦੀ ਚਰਚਾ ਚੱਲ ਰਹੀ ਸੀ। ਪਤਾ ਲੱਗਾ ਹੈ ਕਿ ਚੀਨੀ ਨਾਗਰਿਕਾਂ ਨੂੰ ਵੀਜ਼ਾ ਦਿਵਾਉਣ ਵਿੱਚ ਨਿਯਮਾਂ ਦੀ ਅਣਦੇਖੀ ਕੀਤੀ ਗਈ ਅਤੇ ਚੀਨੀ ਅਧਿਕਾਰੀਆਂ ਨੂੰ ਇਸ ਪਲਾਂਟ ਲਈ ਵੀਜ਼ਾ ਦਿੱਤਾ ਗਿਆ ਸੀ। ਇਸ ਦੀ ਉਸਾਰੀ ਚੀਨ ਦੀ ਇੱਕ ਕੰਪਨੀ ਨੇ ਕੀਤੀ ਸੀ।

ਦੱਸਿਆ ਗਿਆ ਹੈ ਕਿ 1980 ਮੈਗਾਵਾਟ ਦੇ ਇਸ ਥਰਮਲ ਪਲਾਂਟ ਦਾ ਕੰਮ ਜਦੋਂ ਚੀਨ ਦੀ ਕੰਪਨੀ ਕੋਲ ਗਿਆ ਤਾਂ ਇਸ ਦੀ ਉਸਾਰੀ ਵਿੱਚ ਦੇਰੀ ਹੋਣ ਲੱਗੀ ਅਤੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਮਾਨਸਾ ਦੇ ਇੱਕ ਵਿਅਕਤੀ ਵੱਲੋਂ ਚੁੱਪ-ਚੁਪੀਤੇ ਕੰਪਨੀ ਦਾ ਦਫਤਰ ਖੋਲ੍ਹਿਆ ਗਿਆ, ਜਿਸ ਦੇ ਚੇਨਈ ਸਮੇਤ ਕਈ ਸ਼ਹਿਰਾਂ ਦੇ ਵਪਾਰੀ ਵਰਗ ਨਾਲ ਸਬੰਧ ਸਨ। ਇਹ ਵੀ ਪਤਾ ਲੱਗਾ ਹੈ ਕਿ ਚੀਨੀ ਨਾਗਰਿਕਾਂ ਨੂੰ ਵੀਜ਼ੇ ਦਾ ਪ੍ਰਬੰਧ ਚੇਨਈ ਦੇ ਜਿਸ ਵਿਅਕਤੀ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਕੀਤਾ ਸੀ, ਉਸ ਦਾ ਸਬੰਧ ਮਾਨਸਾ ਵਿੱਚ ਕੰਪਨੀ ਚਲਾ ਰਹੇ ਵਿਅਕਤੀ ਨਾਲ ਸੀ। ਇਸ ਸਬੰਧੀ ਰਿਸ਼ਵਤ ਮਾਨਸਾ ਦੀ ਪ੍ਰਾਈਵੇਟ ਕੰਪਨੀ ਨੇ ਮੁੰਬਈ ਦੀ ਇੱਕ ਕੰਪਨੀ ਦੇ ਫਰਜ਼ੀ ਬਿੱਲਾਂ ਜ਼ਰੀਏ ਚੇਨਈ ਭੇਜੀ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਬੰਦੀ ਸਿੱਖਾਂ ਦੀ ਰਿਹਾਈ ਲਈ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਨੇ ਦੋ ਜਣੇ ਹੋਰ ਸ਼ਾਮਿਲ ਕੀਤੇ

ਅੰਮ੍ਰਿਤਸਰ, 18 ਮਈ (ਪੋਸਟ ਬਿਊਰੋ)- ਬੰਦੀ ਸਿੱਖਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ 9 ਮੈਂਬਰੀ ਸਾਂਝੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋ ਹੋਰ ਮੈਂਬਰ ਸ਼ਾਮਲ ਕੀਤੇ ਹਨ, ਜਿਸ ਨਾਲ ਇਹ ਕਮੇਟੀ 11 ਮੈਂਬਰੀ ਬਣ ਗਈ ਹੈ। ਇਸ ਸਾਂਝੀ ਕਮੇਟੀ ਵਿੱਚ ਤਖਤ ਹਜ਼ੂਰ ਸਾਹਿਬ ਨਾਂਦੇੜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ ਅਤੇ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੀ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੂੰ ਵੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ।

ਵਰਨਣਯੋਗ ਹੈ ਕਿ ਵੱਖ-ਵੱਖ ਜਥੇਬੰਦੀਆਂ ਦੇ ਉਹ ਨੁਮਾਇੰਦੇ ਇੱਕ ਮੰਚ ਉੱਤੇ ਇਕੱਠੇ ਹੋਏ ਹਨ, ਜਿਨ੍ਹਾਂ ਵਿੱਚ ਆਪਸੀ ਵਖਰੇਵੇਂ ਰਹੇ ਹਨ। ਇਨ੍ਹਾਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ



ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਆਦਿ ਸ਼ਾਮਲ ਹਨ। ਅਕਾਲੀ ਦਲ ਅਤੇ ਹੋਰ ਗਰਮ ਖਿਆਲੀ ਜਥੇਬੰਦੀਆਂ ਦੇ ਆਗੂਆਂ ਵਿਚਾਲੇ ਸ਼ੁਰੂ ਤੋਂ ਮਤਭੇਦ ਸਨ ਤੇ ਇਹ ਮਤਭੇਦ 2015 ਵਿੱਚ ਓਦੋਂ ਹੋਰ ਵੱਡੇ ਪੱਧਰ ਉੱਤੇ ਉਭਰੇ ਸਨ, ਜਦੋਂ ਗਰਮ ਖਿਆਲੀ ਧਿਰਾਂ ਨੇ ਸਰਬੱਤ ਖਾਲਸਾ ਸੱਦਿਆ ਸੀ, ਜਿਸ ਵਿੱਚ ਸ੍ਰੀ ਅਕਾਲ ਤਖਤ ਦੇ ਓਦੋਂ ਦੇ ਜਥੇਦਾਰ ਦੀ ਮਾਨਤਾ ਰੱਦ ਕਰ ਕੇ ਸਰਬੱਤ ਖਾਲਸਾ ਵੱਲੋਂ ਤਿਹਾੜ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖਤ ਦਾ ਜਥੇਦਾਰ ਥਾਪਿਆ ਗਿਆ ਸੀ। ਉਦੋਂ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਨੇ ਸਰਬੱਤ ਖਾਲਸਾ ਸੱਦਣ ਵਾਲਿਆਂ ਉੱਤੇਦੇਸ਼-ਧ੍ਰੋਹ ਤੇ ਹੋਰ ਧਾਰਾਵਾਂ ਦਾ ਕੇਸ ਵੀ ਦਰਜ ਕੀਤਾ ਸੀ। ਇਸ ਕੇਸ ਵਿੱਚ ਸਿਮਰਨਜੀਤ ਸਿੰਘ ਮਾਨ, ਧਿਆਨ ਸਿੰਘ ਮੰਡ, ਜਸਕਰਨ ਸਿੰਘ, ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ ਨੂੰ ਸਮਾਗਮ ਦਾ ਮੁੱਖ ਪ੍ਰਬੰਧਕ ਦੱਸਿਆ ਗਿਆ ਸੀ।

ਇਸ ਦੌਰਾਨ ਸਿੱਖ ਆਗੂ ਜਰਨੈਲ ਸਿੰਘ ਸਖੀਰਾ ਨੇ ਕਿਹਾ ਹੈ ਕਿ ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਆਗੂਆਂ ਨੇ ਸ੍ਰੀ ਅਕਾਲ ਤਖਤ ਦੇ ਉਸ ਵੇਲੇ ਦੇ ਜਥੇਦਾਰਾਂ ਨੂੰ ਮਾਨਤਾ ਦੇਣ ਤੋਂ ਨਾਹ ਕਰਦਿਆਂ ਭਾਈ ਜਗਤਾਰ ਸਿੰਘ ਹਵਾਰਾ ਨੂੰ ਜਥੇਦਾਰ ਚੁਣਿਆ ਸੀ, ਪਰ ਮੁੜ ਕੇ ਸ੍ਰੀ ਅਕਾਲ ਤਖਤ ਦੇ ਮੌਜੂਦਾ ਜਥੇਦਾਰ ਨੂੰ ਮਾਨਤਾ ਦਿੰਦਿਆਂ ਉਸ ਦੇ ਆਦੇਸ਼ ਉੱਤੇ ਸੱਦੀ ਮੀਟਿੰਗ ਵਿੱਚ ਸ਼ਾਮਲ ਹੋ ਗਏ ਅਤੇ ਕਮੇਟੀ ਦੇ ਮੈਂਬਰ ਬਣੇ ਹਨ।

ਦੂਸਰੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਨੌਂ ਮੈਂਬਰੀ ਕਮੇਟੀ ਵਿੱਚ ਅਵਤਾਰ ਸਿੰਘ ਹਿੱਤ ਨੂੰ ਲੈਣ ਉੱਤੇ ਇਤਰਾਜ਼ ਕੀਤਾ ਹੈ। ਕਾਲਕਾ ਨੇ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਤਖਤ ਪਟਨਾ ਸਾਹਿਬ ਦਾ ਨੁਮਾਇੰਦਾ ਇਸ ਕਮੇਟੀ ਵਿੱਚ ਪਾਉਂਦੀ ਹੈ ਤਾਂ ਜਨਰਲ ਸੈਕਟਰੀ, ਮੀਤ ਪ੍ਰਧਾਨ ਜਾਂ ਕੋਈ ਹੋਰ ਅਹੁਦੇਦਾਰ ਸ਼ਾਮਲ ਕੀਤਾ ਜਾ ਸਕਦਾ ਹੈ, ਜਿਸ ਵਿਅਕਤੀ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਅਤੇ ਬਾਣੀ ਨੂੰ ਤੋੜ ਮਰੋੜ ਕੇ ਛਾਪਣ ਦਾ ਮਾਮਲਾ ਚੱਲਦਾ ਹੋਵੇ, ਜੋ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਸੁਣਵਾਈ ਅਧੀਨ ਹੋਵੇ, ਉਸ ਨੂੰ ਸ਼ਾਮਲ ਕਰਨ ਉੱਤੇ ਸਖਤ ਇਤਰਾਜ਼ ਹੈ।

# ਨਾਜਾਇਜ਼ ਸੰਬੰਧਾਂ ਦੇ ਸ਼ੱਕ ਕਾਰਨ ਦਾਤਰ ਮਾਰ ਕੇ ਹੱਤਿਆ

ਟਾਂਡਾ ਉੜਮੁੜ, 18 ਮਈ (ਪੋਸਟ ਬਿਊਰੋ)- ਦਸੂਹਾ ਦੇ ਪਿੰਡ ਤਿਹਾੜਾ ਵਿੱਚ ਕੱਲ੍ਹ ਸ਼ਾਮ ਪਤਨੀ ਨਾਲ ਨਾਜਾਇਜ਼ ਸੰਬੰਧ ਦੇ ਸ਼ੱਕ ਵਿੱਚ ਇੱਕ ਵਿਅਕਤੀ ਦੀ ਹੱਤਿਆ ਕਰ ਦਿੱਤੀ ਗਈ, ਜਿਸਦੀ ਪਛਾਣ ਨੇਕਨਾਮਾ ਵਾਸੀ ਕੁਲਬੀਰ ਸਿੰਘ ਪੁੱਤਰ ਪਿਆਰਾ ਸਿੰਘ ਵਜੋਂ ਹੋਈ ਹੈ। ਮੁੱਖ ਦੋਸ਼ੀ ਕੁਲਵਿੰਦਰ ਸਿੰਘ ਕਿੰਦੂ ਪੁੱਤਰ ਸ਼ੌਕੀਨ ਸਿੰਘ ਵਾਸੀ ਤਿਹਾੜਾ ਅਤੇ ਉਸਦੇ 5-6 ਸਾਥੀਆਂ ਉੱਤੇ ਹੱਤਿਆ ਦਾ ਕੇਸ ਦਰਜ ਕੀਤਾ ਗਿਆ ਹੈ।

ਮ੍ਰਿਤਕ ਦੇ ਭਰਾ ਹਰਦੀਪ ਨੇ ਦੱਸਿਆ ਕਿ ਉਸਦੇ ਭਰਾ ਕੁਲਬੀਰ ਸਿੰਘ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ ਤੇ ਦੋਸ਼ੀ ਕਿੰਦੂ ਦੀ ਪਤਨੀ ਉਸਦੇ ਘਰ ਦਾ ਕੰਮ ਕਰ ਕਰਨ ਦੇ ਨਾਲ ਉਸਦੇ ਬੱਚੇ ਦੀ ਦੇਖਭਾਲ ਕਰਦੀ ਹੈ। ਕਿੰਦੂ ਨੂੰ ਸ਼ੱਕ ਸੀ ਕਿ ਉਸਦੀ ਪਤਨੀ ਦਾ ਕੁਲਬੀਰ ਨਾਲ ਨਾਜਾਇਜ਼ ਸੰਬੰਧ ਹੈ,



ਜਿਸ ਦੀ ਉਸ ਨੂੰ ਰੰਜਿਸ਼ ਸੀ। ਕੱਲ੍ਹ ਸ਼ਾਮ ਕੁਲਬੀਰ ਦਸੂਹੇ ਤੋਂ ਆਪਣੀ ਕਾਰ ਵਿੱਚ ਪਿੰਡ ਵਾਪਸ ਆ ਕੇ ਠੇਕੇ ਉੱਤੇ ਸ਼ਰਾਬ ਖਰੀਦਣ ਲਈ ਰੁਕਿਆ ਤਾਂ ਅਹਾਤੇ ਵਿੱਚ ਕੰਮ ਕਰਦੇ ਕਿੰਦੂ ਨੇ ਸਾਥੀਆਂ ਨਾਲ ਉਸ ਨੂੰ ਕਾਰ ਤੋਂ ਖਿੱਚ ਕੇ ਹਮਲਾ ਕਰ ਦਿੱਤਾ ਤੇ ਗੱਡੀ ਨੂੰ ਤੋੜਨ ਦੇ ਬਾਅਦ ਦਾਤਰ ਨਾਲ ਵਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਦੇ ਬਾਅਦ ਉਸ ਨੂੰ ਦਸੂਹਾ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਥਾਣਾ ਮੁਖੀ ਨੇ ਦਸਿਆ ਕਿ ਦੋਸ਼ੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਮੁੰਬਈ ਧਮਾਕਿਆਂਲਈ 29 ਸਾਲਾਂ ਤੋਂ ਲੋੜੀਂਦੇ 4 ਦੋਸ਼ੀ ਗ੍ਰਿਫ਼ਤਾਰ



ਅਹਿਮਦਾਬਾਦ, 18 ਮਈ (ਪੋਸਟ ਬਿਊਰੋ)- ਗੁਜਰਾਤ ਅਤਿਵਾਦ ਵਿਰੋਧੀ ਦਸਤੇ (ਏ ਟੀ ਐਸ) ਨੇ 1993 ਦੇ ਮੁੰਬਈ ਦੇ ਬੰਬ ਧਮਾਕਿਆਂ ਲਈ ਲੋੜੀਂਦੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ 29 ਸਾਲਾਂ ਤੋਂ ਭਗੌੜੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਚਾਰ ਦੋਸ਼ੀਆਂ ਦੀ ਪਛਾਣ ਅਬੂ ਬਕਰ, ਸਈਦ ਕੁਰੈਸੀ, ਮੁਹੰਮਦ ਸੋਏਬ ਕੁਰੈਸੀ ਅਤੇ ਮੁਹੰਮਦ ਯੂਸਫ਼ ਇਸਮਾਈਲ ਵਜੋਂ ਹੋਈ ਹੈ। ਇਹ ਸਾਰੇ ਮੁੰਬਈ ਦੇ ਵਸਨੀਕ ਹਨ ਅਤੇ 29 ਸਾਲਾਂ ਤੋਂ ਇਸ ਕੇਸ ਵਿੱਚ ਲੋੜੀਂਦੇ ਸਨ। ਐਡੀਸ਼ਨਲ ਡਾਇਰੈਕਟਰ ਜਰਨਲ ਆਫ਼ ਪੁਲਸ ਨੇ ਦੱਸਿਆ ਕਿ ਉਨ੍ਹਾਂ ਨੂੰ 12 ਮਈ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ ਉੱਤੇ ਅਹਿਮਦਾਬਾਦ ਦੇ ਸਰਦਾਰਨਗਰ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਵਿਰੁੱਧ ਫਿਲਹਾਲ ਦੇਸ਼ ਛੱਡਣ ਲਈ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉੱਤੇ ਪਾਸਪੋਰਟ ਲੈਣ ਦੇ ਦੋਸ਼ ਵਿੱਚਕੇਸ ਦਰਜ ਕੀਤਾ ਗਿਆ ਹੈ ਤੇ ਬਾਅਦ ਵਿੱਚ ਉਨ੍ਹਾਂ ਨੂੰ ਬੰਬ ਧਮਾਕਿਆਂ ਦੇ ਕੇਸ ਵਿੱਚ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤਾ ਜਾਵੇਗਾ। ਆਪਣੀ ਅਸਲ ਪਛਾਣ ਛੁਪਾਉਣ ਲਈ ਉਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਨਾਲ ਪਾਸ-ਪੋਰਟ ਤਿਆਰ ਕੀਤੇ ਸਨ। ਇਨ੍ਹਾਂ ਧਮਾਕਿਆਂ ਦੇ ਮਾਮਲੇ ਦੀ ਜਾਂਚ ਕਰ ਰਹੀ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਬੇਨਤੀ ਉੱਤੇ ਇੰਟਰਪੋਲ ਨੇ ਉਨ੍ਹਾਂ ਵਿਰੁੱਧ ਰੈਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਸੀ।

# ਸਵੀਡਨ ਪਾਰਲੀਮੈਂਟ ਵੱਲੋਂ ਨਾਟੋ ਵਿੱਚ ਸ਼ਾਮਲ ਹੋਣ ਦਾ ਮਤਾ ਪਾਸ



ਸਟਾਕਹੋਮ, 18 ਮਈ (ਪੋਸਟ ਬਿਊਰੋ)- ਫਿਨਲੈਂਡ ਦੀ ਪਾਰਲੀਮੈਂਟ ਵਿੱਚ ਕੱਲ੍ਹ ਉਤਰੀ ਅਟਲਾਂਟਿਕ ਸਮਝੌਤਾ ਸੰਗਠਨ (ਨਾਟੋ) ਵਿੱਚ ਸ਼ਾਮਲ ਹੋਣ ਦਾ ਮਤਾ ਭਾਰੀ ਬਹੁਮਤ ਨਾਲ ਪਾਸ ਹੋ ਗਿਆ। 200 ਮੈਂਬਰੀ ਪਾਰਲੀਮੈਂਟ ਵਿੱਚ ਮਤੇ ਦੇ ਪੱਖ ਵਿੱਚ 188 ਤੇ ਵਿਰੋਧ ਵਿੱਚ ਅੱਠ ਵੋਟਾਂ ਪਈਆਂ। ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਈਅਪ ਅਰਦੋਗਨ ਨੇ ਫਿਨਲੈਂਡ ਤੇ ਸਵੀਡਨ ਨੂੰ ਨਾਟੋ ਦੀ ਮੈਂਬਰੀ ਰੋਕਣ ਦੀ ਚਿਤਾਵਨੀ ਦਿੱਤੀ ਹੈ।

ਇਸ ਮਤੇ ਬਾਰੇ ਫਿਨਲੈਂਡ ਦੇ ਰਾਸ਼ਟਰਪਤੀ ਸੌਲੀ ਨੀਨਿਸਟੋ ਸਨਾ ਮਾਰਿਨ ਨੇ ਐਤਵਾਰ ਨੂੰ ਨਾਟੋ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਪਾਰਲੀਮੈਂਟ ਵਿੱਚ ਇਸ ਮੁੱਦੇ ਉੱਤੇ ਵੋਟਿੰਗ ਸਿਰਫ ਇੱਕ ਰਸਮ ਸੀ। ਆਸ ਕੀਤੀ ਜਾ ਰਹੀ ਹੈ ਕਿ ਫਿਨਲੈਂਡ ਅਗਲੇ ਦਿਨਾਂ ਵਿੱਚ ਨਾਟੋ ਹੈਡਕੁਆਰਟਰ ਵਿੱਚ ਆਪਣੇ ਗੁਆਂਢੀ ਸਵੀਡਨ ਨਾਲ ਰਸਮੀ ਅਰਜ਼ੀ ਉੱਤੇ ਦਸਤਖਤ ਕਰੇਗਾ।ਇਸ ਦੌਰਾਨ ਰਿਪਬਲਿਕਨ ਸੈਨੇਟਰ ਮਿਚ ਮੈਕੋਨੇਲ ਨੇ ਕਿਹਾ ਕਿ ਸਵੀਡਨ ਨੂੰ ਨਾਟੋ ਦੀ ਮੈਂਬਰਸ਼ਿਪ ਸਬੰਧੀ ਅਰਜ਼ੀ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਵਿੱਚ ਅਮਰੀਕਾ ਤੇਜ਼ੀ ਲਿਆਏਗਾ। ਉਨ੍ਹਾਂ ਨੇ ਸਟਾਕਹੋਮ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪੱਛਮੀ ਦੇਸ਼ ਜਿੱਥੇ ਸਵੀਡਨ ਦੀ ਅਰਜ਼ੀ ਨੂੰ ਮਨਜ਼ੂਰੀ ਦੇਣ ਵਿੱਚ ਫੁਰਤੀ ਵਰਤਣਗੇ, ਉਥੇ ਅਮਰੀਕੀ ਪਾਰਲੀਮੈਂਟ ਵਿੱਚੋਂ ਵੀ ਮਤੇ ਨੂੰ ਅਗਸਤ ਤਕ ਮਨਜ਼ੂਰੀ ਮਿਲ ਜਾਵੇਗੀ।

ਦੂਜੇ ਪਾਸੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਸਵੀਡਨ ਅਤੇ ਫਿਨਲੈਂਡ ਨੂੰ ਨਾਟੋ ਦੀ ਮੈਂਬਰੀ ਦੇਣ ਨਾਲ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ। ਮਾਸਕੋ ਵਿੱਚ ਇੱਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪੁਤਿਨ ਨੇ ਕਿਹਾ ਕਿ ਸਾਨੂੰ ਫਿਨਲੈਂਡ ਤੇ ਸਵੀਡਨ ਦੇ ਨਾਟੋ ਵਿੱਚ ਸ਼ਾਮਲ ਹੋਣ ਉੱਤੇ ਕੋਈ ਇਤਰਾਜ਼ ਨਹੀਂ। ਇਸ ਲਈ ਅਸੀਂ ਉਨ੍ਹਾਂ ਦੇ ਨਾਟੋ ਵਿੱਚ ਸ਼ਾਮਲ ਹੋਣ ਨੂੰ ਰੂਸ ਲਈ ਪ੍ਰਤੱਖ ਤੌਰ ਉੱਤੇ ਖਤਰਾ ਨਹੀਂ ਮੰਨਦੇ, ਪਰ ਉਨ੍ਹਾਂ ਦੇਸ਼ਾਂ ਵਿੱਚ ਫੌਜੀ ਵਾਧੇ ਦੀ ਸਥਿਤੀ ਵਿੱਚ ਜਵਾਬੀ ਕਾਰਵਾਈ ਜ਼ਰੂਰ ਕਰਾਂਗੇ।

## ਲਾਚਾਰ ਵਿਅਕਤੀ ਨਾਲ ਧੋਖਧੜੀ ਕਰਨ ਵਾਲੇ ਸੁਖਦੇਵ ਨੂੰ ਕੈਦ

ਲੰਡਨ, 18 ਮਈ (ਪੋਸਟ ਬਿਊਰੋ)- 50 ਸਾਲਾ ਇੱਕ ਵਿਅਕਤੀ, ਜਿਸ ਦੀ ਦਿਮਾਗੀ ਸਥਿਤੀ 12 ਸਾਲਾਂਦੇ ਬੱਚੇ ਵਾਲੀ ਹੈ, ਦੀ ਲੱਖਾਂ ਪੌਂਡ ਦੀ ਜਾਇਦਾਦ ਹੜੱਪਣ ਦੀ ਕੋਸ਼ਿਸ਼ ਕਰਨ ਵਾਲੇ ਭਾਰਤੀ ਮੂਲ ਦੇ 73 ਸਾਲਾ ਅਕਾਊਂਟੈਂਟ ਸੁਖਦੇਵ ਸਿੰਘ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਯੌਰਕ ਅਦਾਲਤ ਵਿੱਚ ਸੁਣਵਾਈ ਵੇਲੇ ਦੱਸਿਆ ਗਿਆ ਕਿ ਪੀੜਤ ਵਿਅਕਤੀ ਦੇ ਮਾਪੇ ਆਪਣੇ ਬੇਟੇ ਦੇ ਨਾਂਅ ਤਿੰਨ ਲੱਖ ਪੌਂਡ ਤੋਂ ਵੱਧ ਦੀ ਕੀਮਤ ਦਾ ਘਰ, ਸਪੇਨ ਵਿੱਚ ਛੁੱਟੀਆਂ ਮਨਾਉਣ ਵਾਲਾ ਘਰ, ਗਹਿਣੇ, ਨਕਦੀ ਅਤੇ ਹੋਰ ਕੀਮਤੀ ਸਾਮਾਨ ਛੱਡ ਗਏ ਸਨ। ਲੀਡਜ਼ ਵਾਸੀ ਸੁਖਦੇਵ ਸਿੰਘ ਨੇ 2016 ਵਿੱਚ ਪੀੜਤ ਦਾ ਹੈਰੋਗੇਟ ਵਾਲਾ ਘਰ ਆਪਣੀ ਕੰਪਨੀ ਦੇ ਨਾਂਅ ਕਰਵਾ ਲਿਆ, ਉਸੇ ਸਾਲ ਉਸ ਦੇ ਬੈਂਕ ਖਾਤੇ ਵਿੱਚੋਂ 34000 ਪੌਂਡ ਦੋ ਹਫ਼ਤਿਆਂ ਵਿੱਚ ਗਹਿਣੇ ਖਰੀਦਣ ਅਤੇ ਭਾਰਤ ਵਿਚਲੇ ਖਾਤਿਆਂ ਵਿੱਚ ਤਬਦੀਲ ਕਰਨ ਤੋਂ ਇਲਾਵਾ ਜੂਏ ਵਿੱਚ ਖਰਚ ਦਿੱਤੇ ਸਨ। ਅਦਾਲਤ ਨੇ ਉਸ ਨੂਮ ਇੱਕ ਵਿਅਕਤੀ ਨਾਲ ਧੋਖਾਧੜੀ ਦੇ ਚਾਰ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਪੰਜ ਸਾਲ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ।

# ਰੈਫਰੀ ਉਤੇ ਹਮਲਾ, ਪਹਿਲਵਾਨ ਸਤੇਂਦਰ ਮਲਿਕ ਉਤੇ ਸਾਰੀ ਉਮਰ ਦੀ ਪਾਬੰਦੀ

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਭਾਰਤ ਦੀ ਕੌਮੀ ਕੁਸ਼ਤੀ ਫੈਡਰੇਸ਼ਨ ਨੇ ਸਰਵਸਿਜ਼ ਦੇ ਪਹਿ-ਲਵਾਨ ਸਤੇਂਦਰ ਮਲਿਕ ਵੱਲੋਂ ਕਾਮਨਵੈੱਲਥ ਖੇਡਾਂ ਦੇ ਟਰਾਇਲ ਮੌਕੇ ਸੀਨੀਅਰ ਰੈਫਰੀ ਜਗਬੀਰ ਸਿੰਘ ਉੱਤੇ ਕੀਤੇ ਗਏ ਹਮਲੇ ਲਈ ਪਹਿਲਵਾਨ ਉੱਤੇ ਸਾਰੀ ਉਮਰ ਦੀ ਪਾਬੰਦੀ ਲਾ ਦਿੱਤੀ ਹੈ।



ਹਵਾਈ ਫੌਜ ਦਾ ਪਹਿਲਵਾਨ ਸਤੇਂਦਰ ਮਲਿਕ ਫਾਈਨਲ ਵਿੱਚ ਫੈਸਲਾਕੁੰਨ ਮੁਕਾਬਲੇ ਦੌਰਾਨ 3-0 ਨਾਲ ਅੱਗੇ ਸੀ ਕਿ ਮੈਚ ਖਤਮ ਹੋਣ ਤੋਂ ਮਸਾਂ 18 ਸਕਿੰਟ ਪਹਿਲਾਂ ਵਿਰੋਧੀ ਖਿਡਾਰੀ ਮੋਹਿਤ ਨੇ ਉਸ ਨੂੰ ਧੋਬੀ ਪਟਕਾ ਦਿੱਤਾ ਤੇ ਨਾਲ ਹੀ ਇੱਕ ਹੋਰ ਪੁਆਇੰਟ ਲਈ ਸਤੇਂਦਰ ਨੂੰ ਮੈਟ ਦੇ ਘੇਰੇ ਤੋਂ ਬਾਹਰ ਕਰ ਦਿੱਤਾ। ਰੈਫਰੀ ਵੀਰੇਂਦਰ ਮਲਿਕ ਨੇ ਮੋਹਿਤ ਨੂੰ ਧੋਬੀ ਪਟਕਾ ਦੇਣ ਲਈ ਦੋ ਪੁਆਇੰਟ ਨਾ ਦੇ ਕੇ ਸਿਰਫ ਮੈਟ ਤੋਂ ਬਾਹਰ ਧੱਕਣ ਦਾ ਇੱਕ ਪੁਆਇੰਟਦਿੱਤਾ। ਇਸ ਫੈਸਲੇ ਤੋਂ ਨਿਰਾਸ਼ ਮੋਹਿਤ ਨੇ ਨਤੀਜੇ ਨੂੰ ਚੁਣੌਤੀ ਦਿੱਤੀ। ਇਸ ਮੁਕਾਬਲੇ ਦੇ ਜਿਊਰੀ ਸਤਿਆਦੇਵ ਮਲਿਕ ਨੇ ਕਿਸੇ ਤਰ੍ਹਾਂ ਦੇ ਪੱਖਪਾਤ ਤੋਂ ਬਚਣ ਲਈ ਖੁਦ ਨੂੰ ਇਸ ਫੈਸਲੇ ਤੋਂ ਇਹ ਕਹਿ ਕੇ ਲਾਂਭੇ ਕਰ ਲਿਆ ਕਿ ਉਹ ਅਤੇ ਸਤੇਂਦਰ ਇੱਕੋ ਪਿੰਡ (ਮੋਖਰਾ) ਨਾਲ ਸਬੰਧਤ ਹਨ। ਇਸ ਮਗਰੋਂ ਸੀਨੀਅਰ ਰੈਫਰੀ ਜਗਬੀਰ ਸਿੰਘ ਨੂੰ ਗੁਜਾਰਿਸ਼ ਕੀਤੀ ਗਈ ਕਿ ਉਹ ਮੋਹਿਤ ਵੱਲੋਂ ਦਿੱਤੀ ਚੁਣੌਤੀ ਦਾ ਨਿਬੇੜਾ ਕਰਨ।ਜਗਬੀਰ ਸਿੰਘ ਨੇ ਟੀ ਵੀ ਰਿਪਲੇਅ ਵੇਖਣ ਮਗਰੋਂ ਮੋਹਿਤ ਨੂੰ ਤਿੰਨ ਪੁਆਇੰਟਦੇਣ ਦਾ ਫੈਸਲਾ ਸੁਣਾ ਦਿੱਤਾ। ਇਸ ਤਰ੍ਹਾਂ ਮੁਕਾਬਲੇ ਦਾ ਸਕੋਰ ਤਿੰਨ-ਤਿੰਨ ਨਾਲ ਬਰਾਬਰ ਹੋ ਗਿਆ, ਪਰ ਮੁਕਾਬਲੇ ਦੇ ਆਖਰੀ ਪੁਆਇੰਟਮੋਹਿਤ ਨੇ ਲਏ ਹੋਣ ਕਾਰਨ ਉਸ ਨੂੰ ਜੇਤੂ ਐਲਾਨ ਦਿੱਤਾ ਗਿਆ। ਇਸ ਤੋਂ ਗੁੱਸੇ ਹੋ ਕੇ ਸਤੇਂਦਰ, ਰਵੀ ਦਹੀਆ ਤੇ ਅਮਨ ਵਿਚਾਲੇ ਖੇਡੇ ਜਾ ਰਹੇ 57 ਕਿਲੋ ਫਾਈਨਲ ਮੁਕਾਬਲੇ ਦੀ ਨਿਗਰਾਨੀ ਕਰ ਰਹੇ ਰੈਫਰੀ ਜਗਬੀਰ ਕੋਲ ਗਿਆ ਤੇ ਉਸ ਉੱਤੇ ਹਮਲਾ ਕਰ ਦਿੱਤਾ। ਉਸ ਨੇ ਜਗਬੀਰ ਨੂੰ ਪਹਿਲਾਂ ਗਾਲ੍ਹਾਂ ਕੱਢੀਆਂ ਤੇ ਮਗਰੋਂ ਥੱਪੜ ਮਾਰਿਆ। ਜਗਬੀਰ ਸੰਤੁਲਨ ਗੁਆਉਣ ਕਰ ਕੇ ਜ਼ਮੀਨ ਉੱਤੇ ਡਿੱਗ ਗਿਆ। ਡਬਲਯੂ ਐਫ ਆਈ ਅਨੁਸਾਰ ਉਨ੍ਹਾਂਨੇ ਸਤੇਂਦਰ ਮਲਿਕ ਉੱਤੇ ਸਾਰੀ ਉਮਰ ਦ ਪਾਬੰਦੀ ਲਾ ਦਿੱਤੀ ਹੈ। ਇਹ ਫੈਸਲਾ ਡਬਲਯੂ ਐਫ ਆਈ ਪ੍ਰਧਾਨ ਨੇ ਲਿਆ ਹੈ।''

## ਟੈਕਸ ਜਸਟਿਸ ਨੈਟਵਰਕ ਵੱਲੋਂ ਕਈ ਮਾਪਦੰਡਾਂ ਉੱਤੇ ਖਰਾਬ ਰੇਟਿੰਗ

ਡੈਮੀਅਨ ਸ਼ੇਫਰਡ, 18 ਮਈ (ਪੋਸਟ ਬਿਊਰੋ)- ਕਾਲੇ ਧਨ ਨੂੰ ਲੁਕਾਉਣ ਲਈ ਸਵਿੱਟਜ਼ਰਲੈਂਡ ਦੁਨੀਆ ਵਿੱਚ ਲੋਕਾਂ ਦੇ ਲਈ ਸੁਰੱਖਿਅਤ ਮੰਨਿਆ ਜਾਂਦਾ ਰਿਹਾ ਹੈ, ਪਰ ਅੱਜਕੱਲ੍ਹ ਸਵਿੱਟਜ਼ਰਲੈਂਡ ਨਹੀਂ, ਅਮਰੀਕਾ ਵੱਧ ਮਦਦਗਾਰ ਬਣ ਗਿਆ ਹੈ। ਅਮਰੀਕਾ ਵਿੱਚ 2020 ਦੇ ਬਾਅਦ ਤੋਂ ਦੁਨੀਆ ਨੂੰ ਵਿੱਤੀ ਰਾਜ਼ਦਾਰੀ ਦਾ ਲਗਭਗ ਇੱਕ ਤਿਹਾਈ ਵਾਧਾ ਹੋਇਆ ਹੈ। ਇਹ ਜਾਣਕਾਰੀ ਐਡਵਾਇਜ਼ਰੀ ਗਰੁੱਪ ਟੈਕਸ ਜਸਟਿਸ ਨੈਟਵਰਕ (ਟੀ ਜੇ ਐਨ) ਦੀ ਤਾਜ਼ਾ ਰਿਸਰਚ ਤੋਂ ਮਿਲੀ ਹੈ। ਇਸ ਦੇ ਮੁਤਾਬਕ ਅਮਰੀਕਾ ਵਿੱਚ ਪ੍ਰਾਪਰਟੀ ਲੁਕਾਉਣ ਵਿੱਚ ਵਿੱਤੀ ਅਤੇ ਕਾਨੂੰਨੀ ਮਦਦ ਅਮਰੀਕਾ ਤੋਂ ਬਿਹਤਰ ਕਿਤੇ ਨਹੀਂ ਮਿਲਦੀ ਹੈ। ਟੀ ਜੇ ਐਨ ਸਾਲ 2009 ਤੋਂ ਪ੍ਰਾਪਰਟੀ ਨੂੰ ਲੁਕਾਉਣ ਵਿੱਚ ਫਾਇਨੈਂਸ਼ੀਅਲ ਸਿਸਟਮ ਅਤੇ ਕਾਨੂੰਨ ਕਿੰਨਾ ਮਦਦਗਾਰ ਹੈ, ਇਸ ਆਧਾਰ ਉੱਤੇ ਵੱਖ-ਵੱਖ ਦੇਸ਼ਾਂ ਦੀ ਰੈਂਕਿੰਗ ਜਾਰੀ ਕਰ ਰਿਹਾ ਹੈ।

ਤਾਜ਼ਾ ਰੈਂਕਿੰਗ ਵਿੱਚ ਇਸ ਨੇ ਅਮਰੀਕਾ ਨੂੰ ਚੋਟੀ ਉੱਤੇ ਰੱਖਿਆ ਹੈ। ਇਹ ਇਸ ਦੀ ਅੱਜ ਤਕ ਦੀ ਸਭ ਤੋਂ ਖਰਾਬ ਰੈਂਕਿੰਗ ਹੈ।ਸਿਰਫ ਅਮਰੀਕਾ ਨਹੀਂ, ਖੋਜ ਦੇ ਮੁਤਾਬਕ ਵਿਸ਼ਵ ਦੀਆਂ ਸੱਤ ਵੱਡੀਆਂ ਅਰਥਵਿਵਸਾਥਾਵਾਂ (ਜੀ-7) ਵਿੱਚੋਂ ਪੰਜ ਅਮਰੀਕਾ, ਯੂ ਕੇ, ਜਾਪਾਨ, ਜਰਮਨੀ ਅਤੇ ਇਟਲੀ ਨੇ ਵਿੱਤੀ ਰਾਜ਼ਦਾਰੀ ਕਾਰਨ ਵਿਸ਼ਵ ਦੇ ਅੱਧੇ ਤੋਂ ਵੱਧ ਵਿਕਾਸ ਨੂੰ ਰੋਕਿਆ ਹੋਇਆ ਹੈ। ਯੂ ਕੇ ਦੇ ਅੰਕੜੇ ਹੋਰ ਚਿੰਤਾਜਨਕ ਹੈ। ਇੱਥੇ ਦੁਨੀਆ ਭਰ ਦੀ ਵਿੱਤੀ ਰਾਜ਼ਦਾਰੀ ਦੇ ਨੌ ਫੀਸਦੀ ਮਾਮਲੇ ਹਨ। ਜਰਮਨੀ ਅੱਜ ਜੀ-7 ਦੇਸ਼ਾਂ ਦੀ ਇੱਕ ਬੈਠਕ ਦੀ ਮੇਜ਼ਬਾਨੀ ਕਰ ਰਿਹਾ ਹੈ, ਪ੍ਰੰਤੂ ਓਥੋਂ ਦੀ ਵਿੱਤੀ ਰਾਜ਼ਦਾਰੀ ਦੇ ਮਾਮਲੇ ਵਿੱਚ ਇਹ ਸੱਤਵੇਂ ਸਥਾਨ ਉੱਤੇ ਹੈ।ਟੀ ਜੇ ਐਨ ਦੇ ਮੁਖੀ ਖੋਜਕਰਤਾ ਮੁਤਾਬਕ ‘‘ਅਮੀਰ ਦੇਸ਼ਾਂ ਦਾ ਇੱਕ ਛੋਟਾ ਜਿਹਾ ਗਰੁੱਪ ਹੈ, ਜੋ ਆਪਣੀ ਸਹੂਲਤ ਅਨੁਸਾਰ ਟੈਕਸ ਚੋਰੀ ਅਤੇ ਵਿੱਤੀ ਰਾਜ਼ਦਾਰੀ ਦੇ ਨਿਯਮ ਬਦਲਦਾ ਰਹਿੰਦਾ ਹੈ। ਇਸ ਖਰਾਬ ਵਿਵਸਥਾ ਦੇ ਲਈ ਇਹੀ ਦੇਸ਼ ਜ਼ਿੰਮੇਵਾਰ ਹਨ।'' ਉਨ੍ਹਾਂ ਇਹ ਵੀ ਕਿਹਾ, ‘‘ਦਹਾਕਿਆਂ ਤੋਂਇਹ ਅਮੀਰ ਜੀ-7 ਦੇਸ਼ ਕਰੋੜਪਤੀ ਲੋਕਾਂ ਦੀ ਤੇ ਮਲਟੀਨੈਸ਼ਨਲ ਕੰਪਨੀਆਂ ਦੇ ਹੈਲਪ ਸਿਸਟਮ ਵਿੱਚ ਕਮੀਆਂ ਰਾਹੀਂ ਹੋਰ ਆਸਾਨ ਨਿਯਮਾਂ ਨਾਲ ਇਹ ਕੰਮ ਕਰ ਰਹੇ ਹਨ।''ਰਿਪੋਰਟ ਵਿੱਚ ਇਸ ਦੀ ਵਜ੍ਹਾ ਇਨ੍ਹਾਂ ਮੁੱਖ ਦੇਸ਼ਾਂ ਦੇ ਟੈਕਸ ਵਿਭਾਗਾਂ ਦੇ ਆਪਸ ਵਿੱਚਲੇ ਖਰਾਬ ਤਾਲਮੇਲ ਨੂੰ ਦੱਸਿਆ ਗਿਆ ਹੈ। ਰਿਸਰਚ ਵਿੱਚ ਕਿਹਾ ਗਿਆ ਹੈ, ਜੇ ਸਿਰਫ ਅਮਰੀਕੀ ਅਰਥਵਿਵਸਥਾ ਬਾਕੀ ਮੁੱਖ ਅਰਥਵਿਵਸਥਾਵਾਂ ਦੇ ਨਾਲ ਤਾਲਮੇਲ ਵਿੱਚ ਕੰਮ ਕਰੇ ਤਾਂ ਵਿਸ਼ਵ ਵਿੱਚ ਵਿੱਤੀ ਰਾਜ਼ਦਾਰੀ ਚਾਲੀ ਫੀਸਦੀ ਤਕ ਘੱਟ ਹੋ ਸਕਦੀ ਹੈ।ਦੂਜੇ ਪਾਸੇ ਸਵਿੱਟਜ਼ਰਲੈਂਡ ਦਾ ਸਥਾਨ ਇਸ ਸੂਚੀ ਵਿੱਚ ਖਿਸਕ ਕੇ ਦੂਸਰੇ ਸਥਾਨਚਲਾ ਗਿਆ ਹੈ, ਇੱਥੇ ਅਮਰੀਕਾ ਦੀ ਤੁਲਨਾ ਵਿੱਚ ਵਿੱਤੀ ਰਾਜ਼ਦਾਰੀ ਦੀ ਸਹੂਲਤ ਅੱਧੀ ਹੈ। ਕਾਇਮਾਨ ਟਾਪੂ ਕਦੇ ਪਹਿਲੇ ਸਥਾਨ ਉੱਤੇ ਸੀ, ਖਿਸਕ ਕੇ 14ਵੇਂ ਥਾਂ ਆ ਗਿਆ ਹੈ। ਇਸ ਦਾ ਕਾਰਨ ਵਿੱਤੀ ਸੇਵਾਵਾਂ ਵਿੱਚ ਬੇਹੱਦ ਕਮੀ ਨੂੰ ਦੱਸਿਆ ਜਾ ਰਿਹਾ ਹੈ।

## ਜੰਮੂ-ਕਸ਼ਮੀਰ ਅਸੈਂਬਲੀ ਦੀ ਹੱਦਬੰਦੀ ਬਾਰੇ ਪਾਕਿ ਕੌਮੀ ਅਸੈਂਬਲੀ ਦਾ ਮਤਾ ਭਾਰਤ ਵੱਲੋਂ ਰੱਦ



ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਹੱਦਬੰਦੀ ਦੇ ਅਮਲ ਬਾਰੇ ਪਾਕਿਸਤਾਨ ਦੀ ਕੌਮੀ ਅਸੈਂਬਲੀ ਵਿੱਚ ਪਾਸ ਮਤੇ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ।

ਇਸ ਸੰਬੰਧ ਵਿੱਚ ਭਾਰਤ ਨੇ ਕਿਹਾ ਹੈ ਕਿ ਗੁਆਂਢੀ ਦੇਸ਼ ਨੂੰ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ। ਵਿਦੇਸ਼ ਮੰਤਰਾਲੇ ਦੇ ਬੁਲ-ਾਰੇ ਨੇ ਮਤੇ ਨੂੰ ਦੋ ਟੁੱਕ ਸ਼ਬਦਾਂ ਵਿੱਚ ਰੱਦ ਕਰ ਕੇਪਾਕਿਸਤਾਨ ਨੂੰ ਕਿਹਾ ਕਿ ਉਹ ਸਰਹੱਦ ਪਾਰੋਂ ਅੱਤਵਾਦ ਅਤੇ ਦਹਿਸ਼ਤਗਰਦੀ ਨਾਲ ਜੁੜੇ ਆਪਣੇ ਬੁਨਿਆਦੀ ਢਾਂਚੇ ਨੂੰ ਬੰਦ ਕਰੇ।ਉਨ੍ਹਾਂ ਕਿਹਾ, ‘‘ਅਸੀਂ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਕਸ਼ਮੀਰ ਵਿੱਚ ਹੱਦਬੰਦੀ ਦੇ ਅਮਲ ਬਾਰੇ ਪਾਕਿਸਤਾਨੀ ਕੌਮੀ ਅਸੈਂਬਲੀ ਵਿੱਚ ਪਾਸ ਹਾਸੋਹੀਣੇ ਮਤੇ ਨੂੰ ਉਕਾ ਰੱਦ ਕਰਦੇ ਹਾਂ। ਪਾਕਿਸਤਾਨ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ।'' ਬੁਲਾਰੇ ਨੇ ਕਿਹਾ, ‘‘ਇਹ ਗੱਲ ਬੜੀ ਅਫਸੋਸਨਾਕ ਹੈ ਕਿਪਾਕਿ-ਸਤਾਨ ਦੀ ਲੀਡਰਸ਼ਿਪ ਆਪਣਾ ਘਰ ਠੀਕ ਰੱਖਣ ਦੀ ਥਾਂ ਭਾਰਤ ਦੇ ਅੰਦਰੂਨੀ ਮਸਲਿਆਂ ਵਿੱਚ ਬੇਲੋੜਾ ਦਖਲ ਦੇਣ ਦੇ ਨਾਲ ਭਾਰਤ ਖਿਲਾਫ ਬੇਬੁਨਿਆਦ ਤੇ ਭੜਕਾਊ ਪ੍ਰਾਪੇਗੰਡਾ ਕਰਦੀ ਹੈ।'' ਬਿਆਨ ਅਨੁਸਾਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਤੇ ਲੱਦਾਖ ਦਾ ਪੂਰਾ ਇਲਾਕਾ ਭਾਰਤ ਦਾ ਅਟੁੱਟ ਅੰਗ ਸੀ, ਹੈ ਤੇ ਰਹੇਗਾ।'' ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਹੱਦਬੰਦੀ ਦਾ ਅਮਲ ਜਮਹੂਰੀ ਕੰਮ ਹੈ, ਜੋ ਸਾਰੀਆਂ ਸਬੰਧਤ ਧਿਰਾਂ ਨਾਲ ਕੀਤੇ ਵਿਆਪਕ ਮਸ਼ਵਰੇ ਤੇ ਉਨ੍ਹਾਂ ਦੀ ਸ਼ਮੂਲੀਅਤ ਦੇ ਸਿਧਾਂਤਾਂ ਮਤਾਬਕ ਹੈ।

## ਇਮਰਾਨ ਵੱਲੋਂ ਪ੍ਰਾਈਵੇਟ ਯੂਨੀਵਰਸਿਟੀ ਨਾਲ ਲਿਹਾਜ਼ ਪਾਲਣ ਦੇ ਦੋਸ਼ਾਂ ਦੀ ਜਾਂਚ

ਇਸਲਾਮਾਬਾਦ, 18 ਮਈ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਦੇਸ਼ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਆਪਣੇ ਰਾਜ ਵੇਲੇ ਚਲਾਈ ਯੂਨੀਵਰਸਿਟੀ ਨੂੰ ਨਕਦੀ ਤੇ ਜ਼ਮੀਨ ਵਿੱਚ ਬੇਲੋੜਾ ਲਾਹਾ ਦੇਣ ਦੇ ਦੋਸ਼ਾਂ ਦੀ ਜਾਂਚ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸੂਬੇ ਦੇ ਸੋਹਾਵਾ ਕਸਬੇ ਵਿੱਚ ਸਾਲ 2019 ਵਿੱਚ ਅਬਦੁਲ ਕਾਦਰ ਯੂਨੀਵਰਸਿਟੀ ਸ਼ੁਰੂ ਕੀਤੀ ਗਈ ਸੀ। ਯੂਨੀਵਰਸਿਟੀ ਦੇ ਨੀਂਹ ਪੱਥਰ ਲਈ ਰੱਖੇ ਸਮਾਗਮ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਹ ਨਿੱਜੀ ਯੂਨੀਵਰਸਿਟੀ ਸਮਾਜ ਸੇਵੀਆਂ ਵੱਲੋਂ ਦਾਨ ਵਿੱਚ ਮਿਲੀ ਰਾਸ਼ੀ ਨਾਲ ਚੱਲੇਗੀ।

ਰੱਖਿਆ ਮੰਤਰੀ ਖਵਾਜ਼ਾ ਮੁਹੰਮਦ ਆਸਿਫ ਨੇ ਕੱਲ੍ਹ ਕੌਮੀ ਅਸੈਂਬਲੀ ਨੂੰ ਦੱਸਿਆ ਕਿ ਇਮਰਾਨ ਖਾਨ, ਉਨ੍ਹਾਂ ਦੀ ਬੇਗਮ ਬੁਸ਼ਰਾ ਬੀਬੀ ਅਤੇ ਉਸ ਦੀ ਦੋਸਤ ਫਰਾਹ ਗੋਗੀ ਯੂਨੀਵਰਸਿਟੀ ਦੇ ਟਰੱਸਟੀ ਹਨ। ਆਸਿਫ ਨੇ ਦਾਅਵਾ ਕੀਤਾ ਕਿ ਯੂਨੀਵਰਸਿਟੀ ਨਾਲ ਬੇਲੋੜਾ ਲਿਹਾਜ਼ ਰੱਖ ਕੇ ਇਸ ਨੂੰ ਪੰਜਾਹ ਕਰੋੜ ਰੁਪਏ ਨਕਦ ਅਤੇ 450 ਕਨਾਲ ਜ਼ਮੀਨ ਦਿੱਤੀ ਗਈ। ਰਿਪੋਰਟ ਮੁਤਾਬਕ ਫਰਾਹ ਨੂੰ 200 ਕਨਾਲ ਜ਼ਮੀਨ ਦਿੱਤੀ ਗਈ।

## ਬਸਤਾੜਾ ਟੋਲ ਪਲਾਜ਼ਾ ਕੇਸ ਵਿੱਚ ਪੰਜਾਬ ਦਾ ਸੰਦੀਪ ਗ੍ਰਿਫਤਾਰ ਅਤੇ ਨਿਤਿਨ ਨੂੰ ਜੇਲ੍ਹ

ਕਰਨਾਲ, 18 ਮਈ (ਪੋਸਟ ਬਿਊਰੋ)- ਹਰਿਆਣਾ ਦੇ ਬਸਤਾੜਾ ਟੋਲ ਪਲਾਜ਼ਾਂ ਉੱਤੇ ਪੰਜ ਮਈ ਨੂੰ ਫੜੇ ਗਏ ਖਾੜਕੂਆਂ ਤੋਂ ਮਿਲੀ ਫਰਜ਼ੀ ਆਰਸੀ (ਰਜਿਸਟਰੇਸ਼ਨ ਸਰਟੀਫਿਕੇਟ) ਦੇ ਕੇਸ ਵਿੱਚ ਪੁਲਸ ਲਗਾਤਾਰ ਕੜੀਆਂ ਜੋੜਦੀ ਜਾ ਰਹੀ ਹੈ। ਅੰਬਾਲਾ ਦੇ ਮਹਿਮੂਦਪੁਰ ਦੇ ਨਿਤਿਨ ਸ਼ਰਮਾ ਨੂੰ ਤਿੰਨ ਦਿਨਾਂ ਦਾ ਰਿਮਾਂਡ ਖਤਮ ਹੋਣ ਉੱਤੇ ਕੱਲ੍ਹ ਮੁੜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਉਥੋਂ ਉਸ ਨੂੰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸ ਦੌਰਾਨ ਪੁਲਸ ਨੇ ਮੋਹਾਲੀ ਦੇ ਖਰੜ ਵਿੱਚ ਰਹਿਣ ਵਾਲੇ ਸੰਨੀ ਉਰਫ ਸੰਦੀਪ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।
ਇਸ ਕੇਸ ਵਿੱਚ ਮੁੱਖ ਦੋਸ਼ੀ ਮੰਨੇ ਜਾਂਦੇ ਮੇਰਠ ਵਾਸੀ ਪਵਨ ਕੁਮਾਰ ਨੂੰ ਹਾਲੇ ਪੁਲਸ ਫੜ ਨਹੀਂ ਸਕੀ। ਪੁਲਸ ਉਸ ਦੀ ਭਾਲ ਵਿੱਚ ਲਗਾਤਾਰ ਛਾਪੇਮਾਰ ਰਹੀ ਹੈ। ਦੋਸ਼ੀ ਪਵਨ ਮੇਰਠ ਵਿੱਚ ਵਰਕਸ਼ਾਪ ਚਲਾਉਂਦਾ ਹੈ ਤੇ ਉਹੀ ਫਰਜ਼ੀ ਆਰਸੀ ਬਣਾਉਣ ਦਾ ਮਾਸਟਰ ਮਾਈਂਡ ਮੰਨਿਆ ਜਾਂਦਾ ਹੈ। ਉਹ ਫਰਜ਼ੀ ਆਰਸੀਜ਼ ਬਣਵਾ ਕੇ ਗੱਡੀਆਂ ਵਿਕਵਾਉਂਦਾ ਹੈ।ਪੁਲਸ ਨੇ ਪੰਜ ਮਈ ਨੂੰ ਫੜੇ ਗਏ ਖਾੜਕੂਆਂ ਤੋਂ ਦੋ ਫਰਜ਼ੀ ਆਰਸੀਜ਼ ਮਿਲੀਆਂ ਸਨ। ਉਹ ਜਮਨਾਨਗਰ ਦੇ ਨੰਬਰ ਦੀ ਸਕਾਰਪੀਓ ਤੇ ਪਾਣੀਪਤ ਦੇ ਨੰਬਰ ਦੀ ਬਰੇਜ਼ਾ ਕਾਰ ਦੀਆਂ ਆਰਸੀਜ਼ ਸਨ।ਇਨ੍ਹਾਂ ਫਰਜ਼ੀ ਆਰਸੀਜ਼ ਦੇ ਨਾਲ ਪੰਜਾਬ ਵਿੱਚ ਗੱਡੀਆਂ ਚਲਾਈਆਂ ਜਾ ਰਹੀਆਂ ਸਨ। ਭੇਦ ਖੁੱਲ੍ਹਣ ਉੱਤੇ ਪੰਜਾਬ ਪੁਲਸ ਨੇ ਸਕਾਰਪੀਓਬਰਾਮਦ ਕਰ ਲਈ ਸੀ, ਪਰ ਬ੍ਰੇਜ਼ਾ ਦੀ ਤਲਾਸ਼ ਸੀ। ਨਿਤਿਨ ਦੇ ਤਿੰਨ ਦਿਨਾਂ ਦੇ ਰਿਮਾਂਡ ਦੌਰਾਨ ਪੁਲਸ ਨੇ ਬਰੇਜ਼ਾ ਕਾਰ ਵੀ ਬਰਾਮਦ ਕਰ ਲਈ ਹੈ। ਇਹ ਗੱਡੀ ਫਿਰੋਜ਼ਪੁਰ ਦੇ ਮੱਖੂ ਵਿੱਚ ਇੱਕ ਪਾਰਕਿੰਗ ਵਿੱਚ ਖੜ੍ਹੀ ਸੀ।

### ਨਿਊਜ਼ੀਲੈਂਡ ’ਚ ਇਤਿਹਾਸਕ ਸਮਝੌਤਾ:

# ਮਰਦ ਤੇ ਔਰਤ ਕੰਮ ਮੁਤਾਬਕ ਬਰਾਬਰ ਤਨਖ਼ਾਹ ਦੇ ਹੱਕਦਾਰ ਹੋਣਗੇ

ਔਕਲੈਂਡ, 18 ਮਈ (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਦੇ ਸਿਹਤ ਮੰਤਰੀ ਐਂਡਰੀਊ ਲਿਟਲ ਨੇ ਕੱਲ੍ਹ ਇੱਕ ਇਤਿਹਾਸਕ ਨੇਪਰੇ ਚੜ੍ਹੇ ਸਮਝੌਤੇ ਦਾ ਸਵਾਗਤ ਕੀਤਾ ਹੈ ਜਿਸ ਅਨੁਸਾਰ ਸਿਹਤ ਖੇਤਰ ਵਿੱਚ ਕੰਮ ਕਰਦੇ ਕਿਸੇ ਮਰਦ ਜਾਂ ਔਰਤ ਉਸਦੇ ਕੰਮ ਦੀ ਬਰਾਬਰ ਮਹੱਤਤਾ ਮੁਤਾਬਕ ਬਰਾਬਰ ਤਨਖ਼ਾਹ ਦਾ ਹੱਕਦਾਰ ਮੰਨੇ ਜਾਣਗੇ।



‘ਪੇਅ ਇਕੁਇਲਿਟੀ' (ਬਰਾਬਰ ਤਨਖ਼ਾਹ-ਬਰਾਬਰ ਮਹੱਤਤਾ ਵਾਲਾ ਕੰਮ) ਦੇ ਸਮਝੌਤੇ ਉਪਰੰਤ ਸਿਹਤ ਖੇਤਰ ਦੇ ਵਿੱਚ ਕੰਮ ਕਰਦੇ ਪ੍ਰਸ਼ਾਸ਼ਨਕ ਕਾਮਿਆਂ ਜਿਵੇਂ ਕਲਰਕ, ਕਲੀਨਿਕ ਕੈਡਰ, ਹੈਲਥ ਰਿਕਾਰਡ ਕਲਰਕ ਆਦਿ ਦੇ ਵਿੱਚ ਕਾਫੀ ਖ਼ੁਸ਼ੀ ਪਾਈ ਜਾ ਰਹੀ ਹੈ।ਸਿਹਤ ਮੰਤਰੀ ਨੇ ਕਿਹਾ ਕਿ 21ਵੀਂ ਸਦੀ ਦੇ ਨਿਊਜ਼ੀਲੈਂਡ ਵਿੱਚ 1950 ਦੇ ਦਹਾਕੇ ਵਾਲੇ ਤੌਰ ਤਰੀਕਿਆਂ ਦੀ ਅੱਜ ਕੋਈ ਥਾਂ ਨਹੀਂ ਹੈ। ‘‘ਇਹ ਸਰਕਾਰ ਕਰਮਚਾਰੀਆਂ ਨੂੰ ਉਚਿਤ ਤਨਖ਼ਾਹ ਦੇਣ ਲਈ ਵਚਨਬੱਧ ਹੈ।ਇਹੀ ਕਾਰਨ ਹੈ ਕਿ 2020 ਵਿੱਚ ਅਸੀਂ ਇਸ ਨੂੰ ਅਸਲੀ ਰੂਪ ਦੇਣ ਲਈ ਬਰਾਬਰ ਤਨਖ਼ਾਹ ਐਕਟ ਨੂੰ ਬਦਲ ਦਿੱਤਾ ਹੈ। ਇਹ ਸਮਝੌਤਾ ਉਸੇ ਦਾ ਸਿੱਧਾ ਨਤੀਜਾ ਹੈ। ਲੱਗਭਗ 10,000 ਲੋਕਾਂ ਨੂੰ ਇਸ ਦਾ ਲਾਭ ਹੋਵੇਗਾ। ਸਿਹਤ ਖੇਤਰ ਦੇ ਪ੍ਰਸ਼ਾਸ਼ਨਿਕ ਕੰਮਾਂ ਵਿੱਚ 90 ਫ਼ੀਸਦੀ ਔਰਤਾਂ ਕੰਮ ਕਰਦੀਆਂ ਹਨ। ਤਨਖ਼ਾਹ ਦਾ ਕਿੰਨਾ ਵਾਧਾ ਹੋਵੇਗਾ, ਉਦਾਹਰਣ ਵੱਜੋਂ ਦੱਖਣੀ ਟਾਪੂ ਵਿੱਚ ਵਾਰਡ ਕਲਰਕ ਨੂੰ ਸਲਾਨਾ 48,740 ਡਾਲਰ ਮਿਲਦੇ ਸਨ, ਅੱਗੇ ਤੋਂ 68,340 ਡਾਲਰ ਮਿਲਣਗੇ, ਜੋ 40 ਫ਼ੀਸਦੀ ਤਕ ਵਾਧਾ ਹੈ। ਔਕਲੈਂਡ ਦੇ ਕਲੀਨਿਕ ਹੁਣ 51,753 ਡਾਲਰ ਦੀ ਥਾਂ 69,340 ਡਾਲਰ ਲੈਣਗੇ ਜੋ 34 ਫ਼ੀਸਦੀ ਵਾਧਾ ਹੈ। ਹੈਲਥ ਰਿਕਾਰਡ ਕਲਰਕ 50,840 ਦੀ ਥਾਂ 57,630 ਡਾਲਰ ਤਕ ਲੈਣਗੇ। ਇਸ ਨਵੀਂ ਬਰਾਬਰ ਮਿਹਨਤਾਨਾ ਪ੍ਰਣਾਲੀ ਵਿੱਚ ਆ ਰਹੇ ਹਰ ਵਿਅਕਤੀ ਨੂੰ 2500 ਡਾਲਰ ਅਲੱਗ ਤੋਂ ਇਕਮੁਸ਼ਤ ਰਾਸ਼ੀ ਵੀ ਮਿਲੇਗੀ।




# ਅਫ਼ਗਾਨਿਸਤਾਨ ਵਿੱਚ ਪਾਕਿਸਤਾਨੀ ਵਫ਼ਦ ਦੀ ਅੱਤਵਾਦੀ ਗਰੁੱਪ ਨਾਲ ਗੱਲਬਾਤ

ਕਾਬੁਲ, 18 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਵਫ਼ਦ ਨੇ ਖ਼ੁਫੀਆ ਏਜੰਸੀ ਆਈ ਐਸ ਆਈ ਦੇ ਸਾਬਕਾ ਮੁੱਖੀ ਦੀ ਅਗਵਾਈ ਵਿੱਚ ਅਫ਼ਗਾਨਿਸਤਾਨ ਵਿੱਚ ਅਤਿਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਹੈ। ਇਹ ਸੰਗਠਨ ਪਾਕਿਸਤਾਨੀ ਸੁਰੱਖਿਆ ਬਲਾਂ ਉੱਤੇ ਕਈ ਖਤਰਨਾਕ ਹਮਲਿਆਂ ਵਿੱਚ ਸ਼ਾਮਲ ਰਿਹਾ ਹੈ। ਟੀ ਟੀ ਪੀ ਦੇ ਮੈਂਬਰਾਂ ਅਤੇ ਕਾਬੁਲ ਵਿੱਚ ਅਧਿਕਾਰਤ ਸੂਤਰਾਂ ਨੇ ਅਮਰੀਕੀ ਰੇਡੀਓ ਸਰਵਿਸ ‘ਵਾਇਸ ਆਫ਼ ਅਮਰੀਕਾ' ਨੂੰ ਮੀਟਿੰਗ ਦੀ ਪੁਸ਼ਟੀ ਕੀਤੀ ਹੈ।
ਰਿਪੋਰਟ ਅਨੁਸਾਰ ਕੱਲ੍ਹ ਕਾਬੁਲ ਵਿੱਚ ਪੇਸ਼ਾਵਰ ਕੋਰ ਕਮਾਂਡਰ



ਲੈਫਟੀਨੈਂਟ ਜਨਰਲ ਫੈਜ਼ ਹਮੀਦ ਨੇ ਟੀ ਟੀ ਪੀ ਦੇ ਪ੍ਰਤੀਨਿਧੀ ਮੰਡਲ ਨਾਲ ਗੱਲਬਾਤ ਕੀਤੀ, ਜਿਸ ਦੀ ਵਿਚੋਲਗੀ ਹੱਕਾਨੀ ਨੈਟਵਰਕ ਨੇ ਕੀਤੀ ਸੀ। ਅਫ਼ਗਾਨ ਪੱਤਰਕਾਰ ਬਿਲ ਸਰਵਰੀ ਨੇ ਟਵੀਟ ਕੀਤਾ,‘‘ਪੇਸ਼ਾਵਰ ਆਰਮੀ ਕੋਰ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਫੈਜ਼ ਹਮੀਦ ਆਪਣੇ ਵਫਦ ਦੇ ਨਾਲ ਟੀ ਟੀ ਪੀ ਨਾਲ ਗੱਲਬਾਤ ਲਈ ਕਾਬੁਲ ਪਹੁੰਚੇ।'' ਇਸ ਘਟਨਾਕ੍ਰਮ ਬਾਰੇ ਦੋਵਾਂ ਪਾਸਿਆਂ ਤੋਂ ਕੋਈ ਪੱਕੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਹਮੀਦ ਜੂਨ 2019 ਤੋਂ ਨਵੰਬਰ 2021 ਤਕ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵਿੱਚ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਸੀ। ਸੂਤਰਾਂ ਅਨੁਸਾਰ ਇਹ ਗੱਲਬਾਤ ਅਫ਼ਗਾਨ ਤਾਲਿਬਾਨ ਦੀ ਤਾਜ਼ਾ ਕੋਸ਼ਿਸ਼ ਹੈ, ਜਿਸ ਦਾ ਉਦੇਸ਼ ਪਾਕਿਸਤਾਨ ਅਤੇ ਟੀ ਟੀ ਪੀ ਵਿਚਾਲੇ ਟਕਰਾਅ ਨੂੰ ਘੱਟ ਕਰਨਾ ਹੈ।

# ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਝੋਨੇ ਦੀ ਸਿੱਧੀ ਤਕਨੀਕ ਅਪਨਾਉਣ ਦੀ ਜ਼ਰੂਰਤ: ਡਿਪਟੀ ਕਮਿਸ਼ਨਰ

ਪਠਾਨਕੋਟ: 18 ਮਈ (ਰਾਜਿੰਦਰ ਸਿੰਘ ਰਾਜਨ)- ਡਿਪਟੀ ਕਮਿਸ਼ਨਰ ਸ਼. ਹਰਬੀਰ ਸਿੰਘ ਨੇ ਜ਼ਿਲਾ ਪਠਾਨਕੋਟ ਵਿੱਚ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿੱਚ ਸਰਪੰਚ ਸਹਿਬਾਨ ਸੰਬੋਧਨ ਕਰਦਿਆਂ ਕਿਹ ਕਿ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਲਗਾਤਾਰ ਗਿਰਾਵਟ ਕਾਰਨ ਕਿਸਾਨਾਂ ਨੂੰ ਝੋਨੇ ਦੀਆ ਅਜਿਹੀਆਂ ਤਕਨੀਕਾਂ ਅਪਣਾਂਉਣ ਦੀ ਜ਼ਰੂਰਤ ਹੈ ,ਜਿਸ ਨਾਲ ਪਾਣੀ ਦੀ ਘੱਟ ਖਪਤ ਹੋਵੇ। ਇਹ ਕੈਂਪ ਸਰਪੰਚ ਸਹਿਬਾਨ ਨੂੰ ਤਕਨੀਕੀ ਤੌਰ ਤੇ ਮਜ਼ਬੂਤ ਕਰਨ ਲਈ ਲਗਾਇਆ ਗਿਆ, ਜਿਸ ਵਿੱਚ ਜ਼ਿਲੇ ਭਰ ਤੋਂ ਵੱਡੀ ਗਿਣਤੀ ਵਿੱਚ ਸਰਪੰਚ ਸ਼ਾਮਿਲ ਹੋਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਡਾ. ਅਮਰੀਕ ਸਿੰਘ ਖੇਤੀਬਾੜੀ ਅਫਸਰ,ਡਾ.ਪ੍ਰਿਤਪਾਲ ਸਿੰਘ ,ਡਾ.ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸ੍ਰੀ ਗੁਰਦਿੱਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ,ਸਮੂਹ ਸਟਾਫ,ਸ੍ਰੀ ਰਵਿੰਦਰ ਸਿੰਘ ਸਰਪੰਚ ਚੱਕ ਮਨਹਾਸਾਂ,ਕ੍ਰਿਪਾਲ ਸਿੰਘ ਛਤਵਾਲ,ਗੁਰਵਿੰਦਰ ਸਿੰਘ ਜਮਾਲਪੁਰ,ਸਰਬਜੀਤ ਸਿੰਘ ਮਾਹੀਚੱਕ ਸਮੇਤ ਵੱਡੀ ਗਿਣਤੀ ਵਿੱਚ ਸਰਪੰਚ ਹਾਜ਼ਰ ਸਨ।

ਸਰਪੰਚਾਂ ਨੂੰ ਸੰਬੋਧਨ ਕਰਦਿਆ ਡਿਪਟੀ ਕਮਿਸ਼ਨਰ ਸ਼. ਹਰਬੀਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨ ਬ ਦਿਨ ਹੇਠਾਂ ਜਾ ਰਿਹਾ ਹੈ ਜਿਸ ਕਾਰਨ ਭਵਿੱਖ ਦੀ ਖੇਤੀ ਖਤਰੇ ਵਿੱਚ ਪੈ ਗਈ ਹੈ।ਉਨਾਂ ਕਿਹਾ ਕਿ ਜੇਕਰ ਭਵਿੱਖ ਦੀ ਖੇਤੀ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਜ਼ਰੂਰੀ ਹੈ ਕਿ ਕਿ ਝੋਨੇ ਦੀ ਰਵਾਇਤੀ ਕੱਦੂ ਕਰਨ ਦੀ



ਤਕਨੀਕ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ।ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਦੀ ਬੱਚਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਨਾਉਣ ਵਾਲੇ ਕਿਸਾਨਾਂ ਨੂੰ 1500/- ਰੁਪਏ ਪ੍ਰਤੀ ਏਕੜ ਪ੍ਰੋਤਸ਼ਾਹਨ ਰਕਮ ਵੱਜੋਂ ਦਿੱਤੇ ਜਾਣਗੇ ਜੋ ਤਸਦੀਕ ਕਰਨ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਏ ਜਾਣਗੇ।

ਉਨ੍ਹਾਂ ਕਿਹਾ ਕਿ ਜ਼ਿਲੇ ਅੰਦਰ ਸਮੂਹ ਪੰਚਾਇਤੀ ਜ਼ਮੀਨਾਂ ਤੇ ਝੋਨੇ ਦੀ ਕਾਸ਼ਤ ,ਸਿੱਧੀ ਬਿਜਾਈ ਤਕਨੀਕ ਨਾਲ ਕਰਾਈ ਜਾਵੇਗੀ।ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਅਜਿਹੀ ਤਕਨੀਕ ਹੈ ਜਿਸ ਨਾਲ ਪਾਣੀ ਦੀ ਘੱਟ ਖਪਤ ਕਰਕੇ ਮਿਆਰੀ ਝੋਨੇ ਦੀ ਪੈਦਾਵਾਰ ਲਈ ਜਾ ਸਕਦੀ ਹੈ ।ਉਨ੍ਹਾਂ ਕਿਹਾ ਕਿ ਇਸ ਟੀਚੇ ਨੂੰ ਪੂਰਾ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,ਭੂਮੀ ਰੱਖਿਆ ਵਿਭਾਗ ਅਤੇ ਬਾਗਬਾਨੀ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ੋਸ਼ਲ ਮੀਡੀਆਂ ਰਾਹੀ ਕਿਸਾਨਾਂ ਖਾਸ ਕਰਕੇ ਨੌਜਵਾਨ ਕਿਸਾਨਾਂ ਤੱਕ ਸਿੱਧੀ ਬਿਜਾਈ ਤਕਨੀਕ ਪਹੁੰਚਾਉਣ ਲਈ ਜ਼ਿਲ੍ਹਾ ਪਠਾਨਕੋਟ ਦਾ ਯੂ ਟਿਊਬ ਚੈਨਲ "ਮੇਰੀ ਖੇਤੀ ਮੇਰਾ ਮਾਣ" ਸ਼ੁਰੂ ਕੀਤਾ ਗਿਆ ਹੈ ।ਉਨ੍ਹਾਂ ਸਮੂਹ ਸਰਪੰਚ ਸਹਿਬਾਨ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਪਿੰਡ ਵਿੱਚ ਕੋਈ ਕਿਸਾਨ ਬੇਹਤਰ ਕੰਮ ਕਰ ਰਿਹਾ ਹੈ ,ਉਸ ਬਾਰੇ ਸੰਬੰਧਤ ਖੇਤੀਬਾੜੀ ਅਧਿਕਾਰੀਆਂ/ਕਰਮਚਾਰੀਆਂ ਨੂੰ ਸੂਚਿਤ ਕਰਨ ਤਾਂ ਜੋ ਉਸ ਕਿਸਾਨ ਦੀ ਸਫਲ ਕਹਾਣੀ ਵੀਡੀਓ ਦੇ ਰੂਪ ਵਿੱਚ ਯੂ ਟਿਊਬ ਚੈਨਲ ਤੇ ਪ੍ਰਸਾਰਤ ਕੀਤੀ ਜਾ ਸਕੇ।

ਡਾ.ਅਮਰੀਕ ਸਿੰਘ ਨੇ ਕਿਹਾ ਕਿ ਤਕਨੀਕ ਨਵੀਂ ਹੋਣ ਕਾਰਨ,ਪਹਿਲੀ ਵਾਰ ਇਸ ਤਕਨੀਕ ਨੂੰ ਅਪਣਾ ਰਹੇ ਕਿਸਾਨਾਂ ਨੂੰ ਆਪਣੀ ਕੁੱਲ ਮਾਲਕੀ ਦਾ 20 ਫੀਸਦੀ ਰਕਬਾ ਹੀ ਝੋਨੇ ਦੀ ਸਿੱਧੀ ਬਿਜਾਈ ਹੇਠ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ਼. ਭਗਵੰਤ ਸਿੰਘ ਮਾਨ ਜੀ ਵੱਲੋਂ ਕੀਤੀਆਂ ਵਿਸ਼ੇਸ਼ ਹਦਾਇਤਾਂ ਤੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੰਡ ਪੱਧਰ ਤੇ ਜਾਗਰੁਕਤਾ ਕੈਂਪ ਜਾਗਰੁਕਤਾ ਲਗਾਏ ਜਾ ਰਹੇ ਹਨ।

ਮਾਸਟਰ ਟ੍ਰੇਨਰ ਡਾ.ਪ੍ਰਿਤਪਾਲ ਸਿੰਘ ਨੇ ਕੰਪਿਊਟਰ ਦੀ ਮਦਦ ਨਾਲ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆ ਕਿ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਦੀ ਕਾਮਯਾਬੀ ਲਈ ਜ਼ਰੂਰੀ ਹੈ ਕਿ ਬਿਜਾਈ ਤੋਂ ਪਹਿਲਾਂ ਘੱਟੋ ਘੱਟ ਦੋ ਰੌਣੀਆਂ ਜ਼ਰੂਰ ਕਰ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਪਿਛਲੇ ਸਾਲ ਦੇ ਝੋਨੇ ਦੇ ਬੀਜ,ਨਦੀਨਾਂ ਦੇ ਬੀਜ ਅਤੇ ਜੰਗਲੀ ਝੋਨੇ ਦੇ ਬੀਜ ਖਤਮ ਕੀਤੇ ਜਾ ਸਕਣ।ਉਨਾਂ ਕਿਹਾ ਕਿ ਨਦੀਨਾਂ ਦੀ ਰੋਕਥਾਮ ਲਈ ਸਿਫਾਰਸ਼ੁਸ਼ਦਾ ਨਦੀਨਨਾਸ਼ਕਾਂ ਦੀ ਸਹੀ ਅਵਸਥਾ ਤੇ ਸਹੀ ਤਕਨੀਕ ਨਾਲ ਛਿੜਕਾਅ ਕਰਨਾ ਚਾਹੀਦਾ ਹੈ।ਸ਼੍ਰੀ ਗੁਰਦਿੱਤ ਸਿੰਘ ਨੇ ਕਿਹਾ ਕਿਹਾ ਕਿ ਪੀ ਐਮ ਕਿਸਾਨ ਸਕੀਮ ਤਹਿਤ ਜਿੰਨਾ ਕਿਸਾਨਾਂ ਨੇ ਆਨਲਾਈਨ ਅਪਲਾਈ ਕੀਤਾ ਸੀ,ਉਹ ਸਵੈ ਘੋਸ਼ਣਾ ਪੱਤਰ,ਅਧਾਰ ਕਾਰਡ ਦੀ ਕਾਪੀ,ਬੈਂਕ ਪਾਸਬੁੱਕ ਦੀ ਕਾਪੀ ਅਤੇ ਜਮਾਂਬੰਦੀ ਦੀ ਪੂਰੀ ਬਣਾ ਕੇ ਸਰਪੰਚ ਕੋਲੋਂ ਤਸਦੀਕ ਕਰਨ ਉਪਰੰਤ ਸੰਬੰਧਤ ਖੇਤੀਬਾੜੀ ਦਫਤਰ ਵਿੱਚ ਜਮਾਂ ਕਰਵਾਉਣ। ਟੈਕਨੀਸ਼ਨ ਸ਼੍ਰੀ ਪਵਨ ਕੁਮਾਰ ਥਾਪਾ ਨੇ ਖੇਤੀ ਮਸ਼ੀਨਰੀ ਬਾਰੇ ਚਲਾਈਆ ਜਾ ਰਹੀਆ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769



WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਸ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

# ਭਾਰਤ ਵਿੱਚ ਪੈਟਰੋਲ ਬ੍ਰਿਟੇਨ ਤੇ ਜਰਮਨੀ ਤੋਂ ਸਸਤਾ

*** ਅਮਰੀਕਾ, ਚੀਨ, ਪਾਕਿਸਤਾਨ ਅਤੇ ਸ਼੍ਰੀਲੰਕਾ ਤੋਂ ਮਹਿੰਗਾ**

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਭਾਰਤ ਵਿੱਚ ਪੈਟਰੋਲ ਹਾਂਗਕਾਂਗ, ਜਰਮਨੀ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਦੀ ਤੁਲਨਾ ਵਿੱਚ ਸਸਤਾ ਹੈ, ਪਰ ਚੀਨ, ਬ੍ਰਾਜ਼ੀਲ, ਜਾਪਾਨ, ਅਮਰੀਕਾ, ਰੂਸ, ਪਾਕਿਸਤਾਨ ਅਤੇ ਸ਼੍ਰੀਲੰਕਾ ਦੀ ਤੁਲਨਾ ਵਿੱਚ ਮਹਿੰਗਾ ਹੈ। ਬੈਂਕ ਆਫ ਬੜੌਦਾ (ਬੀ ਓ ਬੀ) ਦੀ ਇੱਕ ਖੋਜ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤ ਵਿੱਚ ਤੇਲ ਦੀਆਂ ਵਧਦੀਆਂ ਕੀਮਤਾਂ ਦੌਰਾਨ ਇਸਦੀ ਬਹਿਸ ਚੱਲ ਰਹੀ ਹੈ। ਈਂਧਨ ਦੀਆਂ ਕੀਮਤਾਂ ਵਿੱਚ ਵਾਧਾ ਮੁੱਖ ਤੌਰ ਉੱਤੇ ਕੱਚੇ ਤੇਲ ਦੀਆਂ ਕੌਮਾਂਤਰੀ ਕੀਮਤਾਂ ਵਧਣ ਕਾਰਨ ਹੈ। ਇਸ ਤੋਂ ਇਲਾਵਾ ਡਾਲਰ ਦੇ ਮਜ਼ਬੂਤ ਹੋਣ ਨਾਲ ਵੀ ਕੱਚੇ ਤੇਲ ਦੀ ਇੰਪੋਰਟ ਮਹਿੰਗੀ ਹੋ ਗਈ ਹੈ। ਬੀ ਓ ਬੀ ਦੀ ਆਰਥਿਕ ਖੋਜ ਰਿਪੋਰਟ ਵਿੱਚ ਵੱਖ-ਵੱਖ ਦੇਸ਼ਾਂ ਵਿੱਚ 9 ਮਈ ਨੂੰ ਪੈਟਰੋਲ ਦੀਆਂ ਕੀਮਤਾਂ ਦਾ ਮੁਕਾਬਲਾ ਕੀਤਾ ਗਿਆ ਹੈ। ਇਸ ਲਈ ਉਸ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਦੀ ਤੁਲਨਾ ਵਿੱਚ ਪੈਟਰੋਲ ਦੀਆਂ ਕੀਮਤਾਂ ਨੂੰ ਆਧਾਰ ਬਣਾਇਆ ਗਿਆ। ਦੁਨੀਆ ਦੇ 106 ਦੇਸ਼ਾਂ ਦੇ ਅੰਕੜਿਆਂ ਤੋਂ ਪਤਾ ਲੱਗਾ ਕਿ ਭਾਰਤ ਵਿੱਚ ਪੈਟਰੋਲ ਦੀ ਕੀਮਤ 1.35 ਡਾਲਰ ਪ੍ਰਤੀ ਲਿਟਰ ਹੈ ਤੇ ਇਹ ਇਸ ਸੂਚੀ ਵਿੱਚ 42ਵੇਂ ਥਾਂ ਹੈ। ਇਸ ਤਰ੍ਹਾਂ 50 ਤੋਂ ਵੱਧ ਦੇਸ਼ਾਂ ਵਿੱਚ ਪੈਟਰੋਲ ਦੀਆਂ ਕੀਮਤਾਂ ਭਾਰਤ ਤੋਂ ਵੀ ਵੱਧ ਹਨ।

ਰਿਪੋਰਟ ਕਹਿੰਦੀ ਹੈ ਕਿ ਇਸ ਅੰਕੜੇ ਨੂੰ ਦੇਖ ਕੇ ਕੁਝ ਰਾਹਤ ਮਿਲਦੀ ਹੈ ਕਿ ਸਿਰਫ਼ ਭਾਰਤ ਵਿੱਚ ਹੀ ਪੈਟਰੋਲ ਇੰਨਾ ਮਹਿੰਗਾ ਨਹੀਂ, ਇਨ੍ਹਾਂ ਦੇਸ਼ਾਂ ਵਿੱਚ ਪੈਟਰੋਲ ਦੀ ਔਸਤ ਕੀਮਤ 1.22 ਡਾਲਰ ਪ੍ਰਤੀ ਲਿਟਰ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚਤੇਲ ਦੀਆਂ ਕੀਮਤਾਂ ਆਸਟ੍ਰੇਲੀਆ, ਤੁਰਕੀ ਤੇ ਦੱਖਣੀ ਕੋਰੀਆ ਦੇ ਬਰਾਬਰ ਹਨ। ਇਹ ਕੀਮਤ ਹਾਂਗਕਾਂਗ, ਫਿਨਲੈਂਡ, ਜਰਮਨੀ, ਇਟਲੀ, ਨੀਦਰਲੈਂਡ, ਯੂਨਾਨ, ਫਰਾਂਸ, ਪੁਰਤਗਾਲ ਅਤੇ ਨਾਰਵੇਂ ਤੋਂ ਘੱਟ ਹੈ, ਜਿੱਥੇ ਪ੍ਰਤੀ ਲਿਟਰ ਦੋ ਡਾਲਰ ਤੋਂ ਉਪਰ ਹੈ। ਪ੍ਰਤੀ ਵਿਅਕਤੀ ਦੇ ਸੰਦਰਭ ਵਿੱਚ ਭਾਰਤ ਵਿੱਚ ਪੈਟਰੋਲ ਦੀ ਕੀਮਤ ਵੀਅਤਨਾਮ, ਕੀਨੀਆ, ਯੂਕਰੇਨ, ਬੰਗਲਾਦੇਸ਼, ਨੇਪਾਲ, ਪਾਕਿਸਤਾਨ, ਸ਼੍ਰੀਲੰਕਾ ਅਤੇ ਵੈਨੇਜੁਏਲਾ ਤੋਂ ਵੱਧ ਹਨ।

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
2nd Dwelling Unit Basement
Highway 10 & Bovaird Dr. (LEGAL BASEMENT APARTMENT)
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020)
Jag Aujla For Details @ 416-371-7777
JUST SOLD
8 Dayspring Circ 1421, Brampton
HIGHEST PRICE SOLD IN 8 DAYSPRING CIRC IN THIS MARKET OF MAY 2022
URGENTLY NEED NEW LISTINGS IN THIS AREA
SOLD $315,000 OVER ASKING IN 3 DAYS — 88 Likdale Rd, Williams Pkwy / Centre
SOLD $155,000 OVER ASKING IN 2 DAYS TO MY BUYER — 13 Trailridge Dr, Williams Pkwy / Royal Orchard
SOLD $96,000 OVER ASKING IN 2 DAYS TO MY BUYER — 26 Hanover Rd, Queen St. / Dixie Rd
SOLD $215,000 OVER ASKING IN 2 DAYS TO MY BUYER — 42 Lawnview Crt, Sandalwood / Hwy 10 / Braidwood
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD $317,000 OVER ASKING IN 4 DAYS TO MY BUYER — 17 Bristol Ave, Queen St / Mclaughlin
FREE
✓ Full MLS Services ✓ Staging Consultation ✓ Professional Pictures and Virtual Tour
✓ Consistently Marketing Your Property Until SOLD ✓ Billboard, Flyer, Newspaper ✓ Social media & Radio Advertisement
✓ Online Promotion ✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY
SOLD $1,749,900 8337 ਗਲਫ ਲਾਈਨ
SOLD $1,950,000 26 Yellow RomeRd



FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:
10 Westmore Drive, Etobicoke ON M9V-3Z7, 416-740-3262
21 Lacoste Blvd, Brampton, ON L6P 2K2, 905 794-8109
621 Wanless drive, # 122, Brampton ON L7A 0A9, 905-495-3336
1075 Ceremonial Drive, Mississauga ON L5R 2Z4, 905-502-1600
80 Pertosa Drive, Brampton ON L5X-5E9, 905-460-0009
10510 Torbram Road, Brampton, 905-790-0030
2120 North park Drive, Brampton ON L6S 0C9, 905-793-1338
10 Pannahill Dr, Brampton, 905 913-8017